ਉਹਨਾਂ
ਬੇਜ਼ੁਬਾਨ ਪਸ਼ੂਆਂ ਲਈ
ਜਿਹਨਾਂ ਨੇ ਹਮੇਸ਼ਾ ਹੀ
ਦੁੱਖ-ਸੁੱਖ ਵਿੱਚ ਮਨੁੱਖ ਦਾ
ਸਾਥ ਦਿੱਤਾ।

ਚਿਤਾਵਨੀ

ਪਸ਼ੂਆਂ ਦੇ ਬੀਮਾਰ ਹੋਣ ਦੀ ਸਥਿਤੀ ਵਿੱਚ ਕਿਸੇ ਮਾਹਿਰ ਡਾਕਟਰ ਤੋਂ ਇਲਾਜ ਕਰਵਾਓ।

Scanned by CamScanner

# ਪਸ਼ੂ ਪਾਲਕਾਂ ਦੇ ਦੇਸੀ ਟੋਟਕੇ

(ਸੰਗ੍ਰਹਿ)

ਡਾ. ਹਰੀਸ਼ ਵਰਮਾ
ਡਾ. ਜਸਵਿੰਦਰ ਸਿੰਘ
ਡਾ. ਰਣਯੋਧਨ ਸਿੰਘ ਸਹੋਤਾ
ਡਾ. ਜਸਪ੍ਰੀਤ ਸਿੰਘ ਸੈਣੀ

2010

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ-141 004 (ਪੰਜਾਬ)

Scanned by CamScanner

# ਪਸ਼ੂ ਪਾਲਕਾਂ ਦੇ ਦੇਸੀ ਟੋਟਕੇ

(ਸੰਗ੍ਰਹਿ)


ਸੰਗ੍ਰਹਿਕਰਤਾ :

**ਡਾ. ਹਰੀਸ਼ ਵਰਮਾ**

ਪ੍ਰੋਫੈਸਰ ਅਤੇ ਮੁਖੀ

**ਡਾ. ਜਸਵਿੰਦਰ ਸਿੰਘ**

ਜ਼ਿਲ੍ਹਾ ਪਸਾਰ ਮਾਹਿਰ

**ਡਾ. ਰਣਯੋਧਨ ਸਿੰਘ ਸਹੋਤਾ**

ਪ੍ਰੋਫੈਸਰ

**ਡਾ. ਜਸਪ੍ਰੀਤ ਸਿੰਘ ਸੈਣੀ**

ਜ਼ਿਲ੍ਹਾ ਪਸਾਰ ਮਾਹਿਰ

*ਪਸ਼ੂ ਪਾਲਣ ਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ*

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141004, ਪੰਜਾਬ, ਭਾਰਤ।



ਮੁੱਲ : 25/-

ਪਹਿਲਾ ਐਡੀਸ਼ਨ : 2010



©2010, ਯੂਨੀਵਰਸਿਟੀ

ਸਾਰੇ ਹੱਕ ਰਾਖਵੇਂ ਹਨ, ਇਸ ਕਿਤਾਬ ਦਾ ਕੋਈ ਵੀ ਹਿੱਸਾ ਯੂਨੀਵਰਸਿਟੀ ਦੀ ਪ੍ਰਵਾਨਗੀ ਤੋਂ ਬਿਨਾਂ ਕਿਤੇ ਛਾਪਿਆ ਨਾ ਜਾਵੇ।



ਸੰਪਾਦਕ :

**ਡਾ. ਹਰੀਸ਼ ਕੁਮਾਰ ਵਰਮਾ**

ਪ੍ਰੋਫੈਸਰ ਅਤੇ ਮੁਖੀ, ਪਸ਼ੂ ਪਾਲਣ ਅਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ

ਕਵਰ ਡਿਜਾਈਨ :

**ਡਾ. ਜਸਵਿੰਦਰ ਸਿੰਘ**

---

ਡਾਇਰੈਕਟਰ ਪਸਾਰ ਸਿੱਖਿਆ,
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਰਾਹੀਂ ਆਈਕੋਨ ਪ੍ਰਿੰਟਰਜ਼, ਰਾਮ ਨਗਰ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ ਗਿਆ।



Scanned by CamScanner

# ਮੁੱਖ ਬੰਦ

ਮੁੱਢ ਕਦੀਮ ਤੋਂ ਪਸ਼ੂ ਮਨੁੱਖ ਦੇ ਦੁੱਖ ਸੁੱਖ ਦੇ ਸਾਥੀ ਵਜੋਂ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਪਸ਼ੂਆਂ ਤੋਂ ਇਨਸਾਨ ਨੂੰ ਵੱਧੋ ਵੱਧ ਪੈਦਾਵਾਰ ਦੀ ਆਸ ਹੁੰਦੀ ਹੈ ਪਰ ਇਸ ਆਸ ਨੂੰ ਉਸ ਵੇਲੇ ਧੱਕਾ ਵੱਜਦਾ ਹੈ ਜਦੋਂ ਪਸ਼ੂਆਂ ਨੂੰ ਸਿਹਤ ਸਮੱਸਿਆਵਾਂ ਆ ਘੇਰਦੀਆਂ ਹਨ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਭਾਵੇਂ ਹੁਣ ਡਾਕਟਰੀ ਸਹੂਲਤਾਂ ਕਾਫੀ ਵਿਕਸਤ ਹੋ ਗਈਆਂ ਹਨ ਪਰ ਹਾਲੇ ਵੀ ਪਿੰਡਾਂ ਵਿੱਚ ਘਰੇਲੂ ਟੋਟਕੇ ਅਪਣਾ ਕੇ ਇਨ੍ਹਾਂ ਮੁਸ਼ਕਲਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਨੁਸਖੇ ਤਾਂ ਕਾਰਗਰ ਸਾਬਤ ਹੋ ਜਾਂਦੇ ਹਨ ਪਰ ਕਈ ਵਾਰ ਤਾਂ ਅਜਿਹੇ ਨੀਮ ਹਕੀਮੀ ਘਰੇਲੂ ਟੋਟਕੇ ਅਪਣਾਏ ਜਾਂਦੇ ਹਨ ਜਿਨ੍ਹਾਂ ਦਾ ਕੋਈ ਮੂੰਹ ਸਿਰ ਨਹੀਂ ਹੁੰਦਾ ਜਿਵੇਂ ਥਣ ਖਰਾਬ ਹੋਣ ਵੇਲੇ ਸਾਬਣ ਖੁਆਉਣਾ, ਹਲਕੇ ਕੁੱਤੇ ਦੇ ਵੱਢਣ ਤੇ ਲਾਲ ਮਿਰਚਾਂ ਲਾਉਦੀਆਂ ਜਾਂ ਸਾਧਾਂ ਤੋਂ ਹੱਥ ਹੋਲੇ ਕਰਵਾਉਣਾ ਆਦਿ। ਜਿਹੜੇ ਹਕੀਮ ਜਾਂ ਪਿੰਡਾਂ ਦੇ ਸਿਆਣੇ ਪਿੰਡਾਂ ਵਿੱਚ ਪਸ਼ੂਆਂ ਦਾ ਇਲਾਜ ਕਰਦੇ ਸਨ ਉਹ ਆਪਣੇ ਨੁਸਖੇ ਕਿਸੇ ਨਾਲ ਸਾਂਝੇ ਵੀ ਘੱਟ ਹੀ ਕਰਦੇ ਸਨ। ਕਈ ਨੁਸਖੇ ਕਾਮਯਾਬ ਵੀ ਹੋ ਜਾਂਦੇ ਸਨ ਜਿਨਾਂ ਵਿੱਚ ਕੁੱਝ ਵਿਗਿਆਨਕ ਸਚਾਈ ਵੀ ਹੋ ਸਕਦੀ ਹੈ।

ਲੇਖਕਾਂ ਦੁਆਰਾ ਇਸ ਸੰਗ੍ਰਹਿ ਵਿੱਚ ਇੱਕਠੇ ਕੀਤੇ ਪਸ਼ੂਆਂ ਦੀਆਂ ਸਿਹਤ ਸਮੱਸਿਆਵਾਂ ਸਬੰਧੀ ਘਰੇਲੂ ਨੁਸਖੇ ਬਹੁਤ ਸ਼ਲਾਘਾਯੋਗ ਕਦਮ ਹੈ। ਇਹ ਵਿਗਿਆਨੀਆਂ ਲਈ ਭਵਿੱਖ ਦਾ ਖੋਜ ਦਾ ਵਿਸ਼ਾ ਸਿੱਧ ਹੋਣਗੇ, ਬੇਲੋੜੇ, ਬੇਤੁੱਕੇ ਨੁਸਖੇ ਅਪਣਾਉਣ ਤੋਂ ਗੁਰੇਜ਼ ਕਰਨ ਲਈ ਪਸਾਰ ਸਿੱਖਿਆ ਸੰਸਥਾਵਾਂ ਨੂੰ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿਉਂਕਿ ਪਸ਼ੂ ਕਿਸਾਨੀ ਦਾ ਵੱਡਮੁੱਲਾ ਸਰਮਾਇਆ ਹਨ ਇਸ ਲਈ ਨੀਮ ਹਕੀਮੀ ਟੋਟਕੇ ਅਪਣਾਉਣ ਨਾਲ ਕਈ ਵਾਰ ਘੜੀ ਦਾ ਖੁੰਝਿਆ ਬੰਦਾ ਕੋਹਾਂ ਤੇ ਜਾ ਪੈਂਦਾ ਹੈ। ਸਭ ਤੋਂ ਵੱਡੀ ਅਕਲਮੰਦੀ ਇਸੇ ਵਿੱਚ ਹੀ ਹੈ ਕਿ ਬੀਮਾਰ ਪਸ਼ੂ ਦੇ ਇਲਾਜ ਲਈ ਸਿਆਣਿਆਂ ਜਾਂ ਝੋਲਾ ਛਾਪ ਡਾਕਟਰਾਂ ਦੀ ਥਾਂ ਯੂਨੀਵਰਸਿਟੀ ਜਾਂ ਨੇੜੇ ਦਾ ਪਸ਼ੂ ਹਸਪਤਾਲ ਦੇ ਮਾਹਿਰ ਡਾਕਟਰ ਦੀ ਸਲਾਹ ਤੇ ਹੀ ਅਮਲ ਕਰਨਾ ਚਾਹੀਦਾ ਹੈ।

ਸਿਮਰਤ ਸਾਗਰ ਸਿੰਘ

ਸਿਮਰਤ ਸਾਗਰ ਸਿੰਘ
ਡੀਨ
ਵੈਟਨਰੀ ਸਾਇੰਸ ਕਾਲਜ,
ਲੁਧਿਆਣਾ

Scanned by CamScanner

# ਦੋ ਸ਼ਬਦ

ਜਿਵੇਂ ਹੀ ਇਨਸਾਨ ਧਰਤੀ ਤੇ ਆਇਆ ਹੈ ਪਸ਼ੂ ਉਸ ਦੇ ਦੁੱਖ-ਸੁਖ ਦੇ ਸਾਥੀ ਰਹੇ ਹਨ। ਮਨੁੱਖ ਆਪਣੀ ਲੋੜ ਮੁਤਾਬਿਕ ਇਹਨਾਂ ਨੂੰ ਇਸਤੇਮਾਲ ਕਰਦਾ ਰਿਹਾ ਹੈ ਜਿਵੇਂ ਖੇਤਾਂ ਲਈ, ਭੋਜਨ ਲਈ, ਆਵਾਜਾਈ ਲਈ, ਰਖਵਾਲੀ ਲਈ ਆਦਿ। ਇਹਨਾਂ ਪਸ਼ੂਆਂ ਨੂੰ ਪਾਲਤੂ ਬਣਾਉਣ ਉਪਰੰਤ, ਉਹਨਾਂ ਲਈ ਮਨੁੱਖ ਦੀ ਨਾ ਸਮਝੀ, ਅਗਿਆਨਤਾ, ਜ਼ਿਆਦਾ ਕੰਮ ਲੈਣਾ ਤੇ ਪਸ਼ੂ ਦਾ ਪੂਰੀ ਤਰ੍ਹਾਂ ਮਨੁੱਖ ਤੇ ਨਿਰਭਰ ਹੋਣ ਕਰਕੇ ਕੁਝ ਬੀਮਾਰੀਆਂ ਸਾਹਮਣੇ ਆਉਣ ਲਗੀਆਂ। ਸ਼ੁਰੂ ਵਿਚ ਰੋਗ ਨਿਵਾਰਨ ਸੇਵਾਵਾਂ/ਪ੍ਰਣਾਲੀ ਨਾ ਹੋਣ ਜਾਂ ਘਟ ਵਿਕਸਿਤ ਹੋਣ ਕਰਕੇ ਮਨੁੱਖ ਆਪ ਹੀ ਕੁਝ ਹੱਥ ਕੰਡੇ ਅਜਮਾਉਣ ਲੱਗਾ, ਜਿਵੇਂ ਕਿ ਕਦੇ ਕੋਈ ਜੜੀ ਬੂਟੀ, ਕਾੜ੍ਹਾ ਦੇਣਾ ਜਾਂ ਕੋਈ ਹੋਰ ਉਪਰਾਲਾ ਆਦਿ । ਇਨ੍ਹਾਂ ਵਿਚੋਂ ਕੁਝ ਕੁ ਟੋਟਕੇ ਕਾਰਗਰ ਹੋ ਜਾਂਦੇ ਸੀ ਤੇ ਕਈ ਫੇਲ ਵੀ ਹੋ ਜਾਂਦੇ । ਦੇਖੋ ਦੇਖੀ ਜਾਂ ਸੁਣ ਸੁਣਾ ਕੇ ਕਾਰਗਰ ਟੋਟਕੇ ਪੀੜ੍ਹੀ ਦਰ ਪੀੜ੍ਹੀ ਆਉਂਦੇ ਗਏ ਤੇ ਖਾਸ ਕਰ ਪੇਂਡੂ ਇਲਾਕਿਆ ਵਿਚ ਬਹੁਤ ਪ੍ਰਚਲਤ ਹੋਏ। ਪਸ਼ੂ ਪਾਲਕ ਵੀਰ ਜ਼ਿਆਦਾਤਰ ਪਿੰਡਾਂ ਵਾਲੇ ਸਮੇਂ ਸਮੇਂ ਸਿਰ ਇਹਨਾਂ ਟੋਟਕਿਆਂ ਨੂੰ ਵਰਤਦੇ ਰਹਿੰਦੇ ਹਨ ਤੇ ਅੰਗਰੇਜ਼ੀ ਪ੍ਰਣਾਲੀ ਤੋਂ ਗੁਰੇਜ ਕਰਦੇ ਹਨ। ਕੁਝ ਚਲਾਕ ਲੋਕਾਂ ਦੁਆਰਾ ਘੜੇ ਗਏ ਬੇਫਜ਼ੂਲ ਟੋਟਕੇ ਅੱਜ ਵੀ ਕਿਤੇ ਕਿਤੇ ਵੇਖਣ ਨੂੰ ਮਿਲ ਜਾਂਦੇ ਹਨ ।

ਵਿਗਿਆਨ ਦੇ ਇਸ ਯੁੱਗ ਵਿੱਚ ਅਜੇ ਤੱਕ ਵੀ ਲੋਕ ਬੇਤੁੱਕੇ ਢੰਗ ਤਰੀਕੇ ਅਪਣਾ ਰਹੇ ਹਨ ਜਿਵੇਂ ਮੱਝ ਕਈ ਵਾਰ ਆਸ ਕਰਵਾਉਣ ਦੇ ਬਾਵਜੂਦ ਜੇ ਗੱਭਣ ਨਾ ਹੋਵੇ ਤਾਂ ਪੰਜਾਬ ਦੇ ਕਈ ਇਲਾਕਿਆਂ ਵਿੱਚ ਮੱਝ ਨੂੰ ਮਾਲੀ ਦੀ ਥਾਂ ਬਲਦ ਤੋਂ ਆਸ ਕਰਵਾਇਆ ਜਾਂਦਾ ਹੈ। ਤਾਂ ਹੀ ਸਿਆਣੇ ਕਹਿੰਦੇ ਨੇ ਮੈਂਹਿ ਉਰਾਰ ਝੋਟਾ ਪਾਰ ਹੋ ਗਈ ਬਈ ਹੋ ਗਈ।

ਸੰਗ੍ਰਹਿਕਰਤਾਵਾਂ ਨੇ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਸਾਰਿਆਂ ਨੂੰ ਲੱਭ ਕੇ ਇੱਕਠਾ ਕੀਤਾ ਜਾਵੇ । ਅਜੋਕੇ ਵਿਗਿਆਨਕ ਯੁੱਗ ਅੰਦਰ ਇਹ ਟੋਟਕੇ / ਧਾਰਨਾਵਾਂ ਜਿਨਾਂ ਵਿਚ ਕਈ ਵਧੀਆਂ ਹਨ, ਦੇ ਗੁਵਾਚਣ ਜਾਂ ਅਲੋਪ ਹੋਣ ਦਾ ਖਤਰਾ ਮੰਡਰਾ ਰਿਹਾ ਸੀ । ਦੂਜਾ ਮਕਸਦ ਸੀ, ਖੋਜੀਆਂ ਨੂੰ ਇਹਨਾਂ ਬਾਰੇ ਦੱਸਿਆ ਜਾਵੇ ਤਾਂ ਕੀ ਉਹ ਆਪਣੀ ਖੋਜ ਰਾਹੀ ਇਹਨਾਂ ਦੀ ਸਾਰਥਕਤਾ ਬਾਰੇ ਪਤਾ ਲਗਾਉਣ । ਤੀਸਰਾ ਮਕਸਦ ਸੀ ਪਸ਼ੂ ਪਾਲਕ ਵੀਰਾਂ ਨੂੰ, ਡਾਕਟਰੀ ਜਾਂ ਪਸ਼ੂ ਪਾਲਣ ਸਬੰਧੀ ਵਿਦਿਆ ਲੈ ਰਹੇ ਵਿਦਿਆਰਥੀਆਂ ਨੂੰ ਇਨ੍ਹਾਂ ਬਾਰੇ ਜਾਗਰੂਕ ਕੀਤਾ ਜਾਵੇ ।

ਅਸੀਂ ਧੰਨਵਾਦੀ ਹਾਂ ਉਹਨਾਂ ਪਸ਼ੂ ਪਾਲਕਾਂ ਦੇ ਤੇ ਮਾਹਿਰ ਡਾਕਟਰਾਂ ਦੇ ਖਾਸ ਕਰਕੇ ਡਾ. ਰਾਕੇਸ਼ ਸ਼ਰਮਾ, ਡਾ. ਸੁਖਦੀਪ ਸਿੰਘ ਸਿੱਧੂ, ਡਾ. ਕੇ ਬੀ ਸਿੰਘ, ਡਾ. ਐਮ ਪੀ ਗੁਪਤਾ, ਡਾ. ਜੇ ਐਸ ਭੱਟੀ, ਡਾ.

Scanned by CamScanner

ਐਸ ਕੇ ਕਾਂਸਲ, ਡਾ. ਪਰਮਿੰਦਰ ਸਿੰਘ, ਡਾ. ਨਵਦੀਪ ਸਿੰਘ, ਡਾ. ਸਿਮਰਿੰਦਰ ਸਿੰਘ ਸੋਢੀ, ਡਾ. ਰਾਜੇਸ਼ ਕਸਰੀਜਾ, ਡਾ. ਸਵਰਣ ਸਿੰਘ (ਦੋਦਾ), ਡਾ. ਨਰੇਸ਼ ਕੁਮਾਰ ਕੋਚਰ (ਜਗਰਾਉਂ), ਡਾ. ਗੁਰਦਿੱਤ ਸਿੰਘ (ਮੁਕਤਸਰ), ਡਾ. ਹਰਮਨਪ੍ਰੀਤ ਸਿੰਘ (ਅੰਮ੍ਰਿਤਸਰ) ਜਿਨ੍ਹਾਂ ਦੇ ਸਹਿਯੋਗ ਸਦਕਾ ਅਸੀਂ ਇਹਨਾਂ ਘਰੇਲੂ ਟੋਟਕਿਆਂ ਨੂੰ ਇੱਕਠੇ ਕਰਨ ਵਿੱਚ ਕਾਮਯਾਬ ਹੋਏ।

ਅਸੀਂ ਲਗਭਗ ਹਰੇਕ ਨੁਕਤੇ ਪਿੱਛੇ ਵਿਗਿਆਨਕ ਅਧਾਰ (ਜੇ ਕੋਈ ਹੈ ਤਾਂ) ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਫਿਰ ਵੀ ਸੰਗ੍ਰਹਿਕਰਤਾ ਇਸ ਕਿਤਾਬਚੇ ਵਿਚ ਦਿੱਤੇ ਗਏ ਕਿਸੇ ਵੀ ਟੋਟਕੇ/ਧਾਰਨਾਂ ਨੂੰ ਸੁੱਤੇ ਸਿੱਧ ਅਪਣਾਉਣ ਦੀ ਸ਼ਿਫਾਰਸ਼ ਨਹੀਂ ਕਰਦੇ ਅਜਿਹਾ ਕਰਨ ਦੀ ਸੂਰਤ ਵਿਚ ਪਸ਼ੂ ਪਾਲਕ ਆਪਣੇ ਲਵੇਰੇ ਦੀ ਜਾਨ ਮਾਲ ਦਾ ਆਪ ਜਿੰਮੇਵਾਰ ਹੋਣਗੇ ।

ਸੰਗ੍ਰਹਿਕਰਤਾ

**ਹਰੀਸ਼ ਕੁਮਾਰ ਵਰਮਾ**

**ਜਸਵਿੰਦਰ ਸਿੰਘ**

**ਰਣਯੋਧਨ ਸਿੰਘ ਸਹੋਤਾ**

**ਜਸਪ੍ਰੀਤ ਸਿੰਘ ਸੈਣੀ**



Scanned by CamScanner

# ਤਤਕਰਾ


| ਲੜੀ ਨੰ: | ਵਿਸ਼ਾ | ਪੇਜ ਨੰ: |
|---|---|---|
| 1. | ਪ੍ਰਜਨਣ ਸੰਬੰਧੀ ਟੋਟਕੇ | 1 |
| 2. | ਥਣਾਂ ਸੰਬੰਧੀ ਟੋਟਕੇ | 12 |
| 3. | ਮੂੰਹ ਖੁਰ ਰੋਗ ਸਬੰਧੀ | 15 |
| 4. | ਪਰਜੀਵੀਆਂ ਦੀ ਰੋਕਥਾਮ | 17 |
| 5. | ਅੱਖਾਂ ਦੀ ਬੀਮਾਰੀ, ਪੂਛ ਨੂੰ ਕੁੰਗੀਂ ਲਗਣਾ ਤੇ ਬਦਹਜ਼ਮੀ ਸਬੰਧੀ | 22 |
| 6. | ਕੁਝ ਹੋਰ ਪ੍ਰਚਲਿੱਤ ਟੋਟਕੇ | 24 |
| 7. | ਕੁੱਤੇ ਪਾਲਣ ਸਬੰਧੀ ਧਾਰਨਾਵਾਂ | 33 |
| 8. | ਪਸ਼ੂਆਂ ਨਾਲ ਜੁੜੀਆਂ ਕੁਝ ਮਸ਼ਹੂਰ ਕਹਾਵਤਾਂ | 35 |
| 9. | ਪਸ਼ੂਆਂ ਨਾਲ ਜੁੜੇ ਕੁਝ ਵਹਿਮ ਭਰਮ | 46 |


Scanned by CamScanner

# 1. ਪ੍ਰਜਨਣ ਸੰਬੰਧੀ ਟੋਟਕੇ

## 1. ਜੇਰ ਨਾ ਪੈਣਾ

**1. ਸੱਜਰ ਸੂਈ ਮੱਝ / ਗਾਂ ਨੂੰ ਉਸੇ ਦੀ ਬੌਹਲੀ ਪਿਲਾ ਦੇਣੀ :** ਪੰਜਾਬ ਦੇ ਕਈ ਪਿੰਡਾਂ ਵਿੱਚ ਸੂਣ ਉਪਰੰਤ ਬੌਹਲੀ ਚੋ ਕੇ ਵਾਪਿਸ ਉਸੇ ਮੱਝ / ਗਾਂ ਨੂੰ ਪਿਲਾ ਦਿਤੀ ਜਾਂਦੀ ਹੈ ਅਖੇ ਇਸ ਨਾਲ ਜੇਰ ਜਲਦੀ ਪਵੇਗੀ।

**ਵਿਗਿਆਨਕ ਅਧਾਰ :** ਬੌਹਲੀ ਵਿੱਚ ਦੁੱਧ ਦੇ ਮੁਕਾਬਲੇ ਕਈ ਗੁਣਾਂ ਜ਼ਿਆਦਾ ਖੁਰਾਕੀ ਤੱਤ ਹੁੰਦੇ ਹਨ। ਊਰਜਾ ਦਾ ਸੋਮਾ ਹੋਣ ਦੇ ਨਾਲ ਨਾਲ ਇਸ ਵਿੱਚ ਕੈਲਸ਼ੀਅਮ ਵੀ ਭਰਪੂਰ ਮਾਤਰਾ ਵਿੱਚ ਹੁੰਦਾ ਹੈ ਜਿਹੜਾਂ ਕਿ ਬੱਚੇਦਾਨੀ ਦੇ ਸੁੰਗੜਨ ਲਈ ਅਤੇ ਜੇਰ ਬਾਹਰ ਕੱਢਣ ਵਿੱਚ ਸਹਾਈ ਹੁੰਦਾ ਹੈ। ਪਰ ਇਹ ਦੱਸਣਯੋਗ ਹੈ ਕਿ ਬੌਹਲੀ ਵਿੱਚ ਮੌਜੂਦ ਰੋਗਾਂ ਨਾਲ ਲੜਨ ਦੀ ਸ਼ਕਤੀ, ਜੋ ਕਿ ਸਿਰਫ ਨਵ ਜੰਮੇ ਕੱਟੜੂ-ਵੱਛੜੂ ਦੇ ਹੀ ਕੰਮ ਆ ਸਕਦੀ ਹੈ, ਮੱਝ / ਗਾਂ ਨੂੰ ਪਿਲਾਉਣ ਨਾਲ ਇਹ ਅਜਾਈ ਚਲੀ ਜਾਂਦੀ ਹੈ ਤੇ ਕੱਟੜੂ ਵੱਛੜੂ ਇਸ ਤੋਂ ਵਾਂਝਾ ਰਹਿ ਜਾਂਦਾ ਹੈ। ਕੁਦਰਤ ਇਸ ਨੂੰ ਸਿਰਫ ਨਵਜਮੇਂ ਬੱਚਿਆ ਲਈ ਹੀ ਪੈਦਾ ਕਰਦੀ ਹੈ, ਇਸ ਨੂੰ 1-2 ਘੰਟਿਆਂ ਦੇ ਵਿੱਚ ਵਿੱਚ ਕੱਟੜੂ ਵੱਛੜੂ ਨੂੰ ਜ਼ਰੂਰ ਪਿਲਾਉ।

**2. ਲਮਕਦੀ ਹੋਈ ਜੇਰ ਨਾਲ ਭਾਰ ਬੰਨਣਾ :** ਵੇਖਿਆ ਗਿਆ ਹੈ ਕਿ ਪਸ਼ੂ ਪਾਲਕ ਲੰਮਕਦੀ ਹੋਈ ਜੇਰ ਨਾਲ ਕੁਝ ਭਾਰ ਜ਼ਿਆਦਾਤਰ ਟੁੱਟਿਆ ਹੋਇਆ ਛਿੱਤਰ ਜਾਂ ਇੱਟ- ਵੱਟਾ ਬੰਨ੍ਹ ਦਿੰਦੇ ਹਨ ਬਈ ਇਕ ਤਾਂ ਸੱਜਰ ਸੂਏ ਜਾਨਵਰ ਨੂੰ ਨਜ਼ਰ ਨਹੀਂ ਲਗੂ ਤੇ ਦੂਜਾ ਜੇਰ ਜਲਦੀ ਪੈ ਜਾਵੇਗੀ।

**ਵਿਗਿਆਨਕ ਅਧਾਰ :** ਲਮਕਦੀ ਹੋਈ ਜੇਰ ਨਾਲ ਬੰਨਿਆ ਹੋਇਆਂ ਭਾਰ ਉਸਦੇ ਹੇਠਾਂ ਵੱਲ ਨੂੰ ਭਾਰ ਪਾਉਂਦਾ ਰਹਿੰਦਾ ਹੈ ਜਿਸ ਨਾਲ ਜੇਰ ਬੱਚੇਦਾਨੀ ਨਾਲੋਂ ਵੱਖ ਹੁੰਦੀ ਰਹਿੰਦੀ ਹੈ ਤੇ ਜਲਦੀ ਪੈ ਜਾਂਦੀ ਹੈ ਪਰ ਧਿਆਨ ਰੱਖੋ ਕਿ ਜ਼ਿਆਦਾ ਭਾਰ ਬੰਨਣ ਨਾਲ ਜੇਰ ਬੱਚੇਦਾਨੀ ਨਾਲੋਂ ਟੁੱਟ ਵੀ ਸਕਦੀ ਹੈ ਤੇ ਬੱਚੇਦਾਨੀ ਵਿੱਚ ਜ਼ਖਮ ਵੀ ਹੋ ਸਕਦਾ ਹੈ। ਫਿਰ ਮੁਸ਼ਕਿਲ ਖੜੀ ਹੋ ਸਕਦੀ ਹੈ। ਇਸ ਕਰਕੇ ਇਸ ਨੂੰ ਆਪਣੇ ਆਪ ਬਾਹਰ ਆਉਣ ਦਿਉ । ਕਈ ਪਸ਼ੂਆਂ ਵਿੱਚ ਬੱਚੇਦਾਨੀ ਕਮਜ਼ੋਰ ਹੋਣ ਕਾਰਨ ਤੇ ਉਤੋਂ ਦੀ ਭਾਰ ਬੰਨਣ ਨਾਲ ਪਸ਼ੂ ਪਿੱਛਾ ਮਾਰਨਾ ਵੀ ਸ਼ੁਰੂ ਕਰ ਦਿੰਦਾ ਹੈ ਅਤੇ ਸੂਣ ਤੋਂ ਬਾਅਦ ਕਈ ਵਾਰ ਪੂਰੀ ਬੱਚੇਦਾਨੀ ਵੀ ਬਾਹਰ ਆ ਸਕਦੀ ਹੈ ਜਿਸ ਨਾਲ ਇਲਾਜ ਕਰਨਾ ਵੀ ਔਖਾ ਹੋ ਜਾਂਦਾ ਹੈ ।

**ਚਿਤਾਵਨੀ :** ਕੁੱਝ ਲੋਕ ਜੇਰ ਨਾ ਪੈਣ ਤੇ ਦਾਈ ਨੂੰ ਬੁਲਾ ਲੈਂਦੇ ਹਨ ਜੋ ਕਿ ਬਿਲਕੁਲ ਹੀ ਗਲਤ ਹੈ ਕਿਉਂਕਿ ਪਸ਼ੂਆਂ ਤੇ ਔਰਤਾਂ ਦੇ ਪ੍ਰਜਨਣ ਅੰਗਾਂ ਦਾ ਆਕਾਰ ਤੇ ਬਾਕੀ ਪ੍ਰਕਿਰਿਆਵਾਂ ਵਿੱਚ ਬਹੁਤ ਫਰਕ ਹੁੰਦਾ ਹੈ।

**3. ਕਾੜ੍ਹਾ ਪਿਲਾਉਣਾ :** ਲਗਭਗ ਸਾਰੇ ਹੀ ਪੰਜਾਬ ਵਿੱਚ ਸੂਣ ਉਪਰੰਤ ਪਸ਼ੂ ਨੂੰ ਕਾੜ੍ਹਾ ਪਿਲਾਇਆ ਜਾਂਦਾ ਹੈ ਜਿਸ ਵਿੱਚ ਗੁੜ, ਸੋਫ਼, ਜਵੈਂਣ, ਸੋਏ, ਮੇਥੀ, ਸੁੰਢ ਆਦਿ ਮਿਲਾਏ ਜਾਂਦੇ ਹਨ।

**ਵਿਗਿਆਨਕ ਅਧਾਰ :** ਕਾੜ੍ਹਾ ਪਿਲਾਉਣ ਨਾਲ ਇਕਦਮ ਊਰਜਾਂ ਮਿਲਦੀ ਹੈ ਸੂਣ ਦੀ ਪ੍ਰਕਿਰਿਆਂ ਵਿੱਚ ਪਸ਼ੂ ਦੀ ਕਾਫੀ ਊਰਜਾ ਲੱਗ ਜਾਂਦੀ ਹੈ ਤੇ ਉਹ ਲਗਭਗ ਥੱਕ ਕੇ ਨਿਢਾਲ ਹੋ ਜਾਂਦਾ ਹੈ। ਇਹ ਕਾੜ੍ਹਾ ਉਸ ਨੂੰ ਤੁਰੰਤ ਊਰਜਾ ਦਿੰਦਾ ਹੈ ਜਿਸ ਨਾਲ ਉਸਦੀਆਂ ਸਰੀਰਕ ਪ੍ਰਕਿਰਿਆਵਾਂ ਆਮ ਵਾਗ ਹੋ ਜਾਂਦੀਆਂ ਹਨ। ਇਹ ਬੱਚੇਦਾਨੀ ਦੇ ਸੁੰਗੜਣ ਵਿੱਚ ਵੀ ਸਹਾਈ ਹੁੰਦਾ ਹੈ। ਜਿਸ ਨਾਲ ਜੇਰ ਜਲਦੀ ਪੈਂਦੀ ਹੈ ।



Scanned by CamScanner

**4. ਜੇਰ ਨਾ ਪੈਣ ਤੱਕ ਦੁੱਧ (ਬੌਹਲੀ) ਨਾ ਚੋਣਾ :** ਪਸ਼ੂ ਪਾਲਕਾਂ ਵਿੱਚ ਇਹ ਧਾਰਨਾ ਹੈ ਕਿ ਜਦੋਂ ਤੱਕ ਜੇਰ ਨਾ ਪਵੇ ਉਦੋਂ ਤੱਕ ਦੁੱਧ ਨਾ ਚੋਵੋ ਉਹਨਾਂ ਦਾ ਮੰਨਣਾ ਹ ਕਿ ਇਸ ਨਾਲ ਸਾਰੇ ਖੁਰਾਕੀ ਤੱਤ ਦੁੱਧ ਵਿੱਚ ਆ ਜਾਂਦੇ ਹਨ ਤੇ ਪਸ਼ੂ ਦੇ ਸਰੀਰ ਵਿੱਚ ਇਹਨਾ ਦੀ ਕਮੀ ਹੋ ਜਾਂਦੀ ਹੈ ਜਿਸਦੀ ਵਜਹਾ ਨਾਲ ਜੇਰ ਨਹੀਂ ਪੈਂਦੀ ।

**ਵਿਗਿਆਨਕ ਅਧਾਰ :** ਉਪਰੋਕਤ ਧਾਰਨਾ ਦੇ ਉਲਟ ਵਿਗਿਆਨਕ ਖੋਜਾਂ ਤੋਂ ਇਹ ਸਾਬਿਤ ਹੋਇਆ ਹੈ ਕਿ ਜਿੰਨ੍ਹੀ ਜਲਦੀ ਦੁੱਧ (ਬੋਹਲੀ) ਚੋਇਆ ਜਾਏਗਾ ਉਨ੍ਹੀ ਹੀ ਜਲਦੀ ਜੇਰ ਪਵੇਗੀ ਕਿਉਂਕਿ ਦੁੱਧ ਚੋਣ ਵੇਲੇ ਪਸ਼ੂ ਦੇ ਸਰੀਰ ਵਿਚ "ਔਕਸੀਟੋਸੀਨ" ਨਾਂ ਦਾ ਹਾਰਮੋਨ ਨਿਕਲਦਾ ਹੈ ਜੋ ਕਿ ਪਸ਼ੂ ਨੂੰ ਦੁੱਧ ਲਾਹੁਣ ਵਿੱਚ ਮਦਦ ਕਰਦਾ ਹੈ ਤੇ ਨਾਲ ਨਾਲ ਬੱਚੇਦਾਨੀ ਨੂੰ ਹਰਕਤ ਵਿੱਚ ਲਿਆ ਕੇ ਉਸ ਦੀ ਸੁੰਗੜਨ ਦੀ ਪ੍ਰਕਿਰਿਆ ਨੂੰ ਵੀ ਤੇਜ਼ ਕਰਦਾ ਹੈ ਜਿਸ ਨਾਲ ਜੇਰ ਜਲਦੀ ਪੈਂਦੀ ਹੈ ਇਥੇ ਇਹ ਗੱਲ ਦੱਸਣਯੋਗ ਹੈ ਕਿ ਕਦੇ ਵੀ ਸਾਰਾ ਦੁੱਧ ਨਾ ਚੋਵੋ। ਕਈ ਵਾਰ ਸਾਰਾ ਦੁੱਧ ਚੋਣ ਨਾਲ ਖੂਨ ਵਿਚਲਾ ਬਹੁਤਾ ਕੈਲਸ਼ੀਅਮ ਦੁੱਧ ਰਾਹੀ ਬਾਹਰ ਆ ਜਾਂਦਾ ਹੈ ਤੇ ਪਸ਼ੂ ਦੇ ਸਰੀਰ ਵਿੱਚ ਇਸ ਦੀ ਘਾਟ ਹੋ ਜਾਂਦੀ ਹੈ ਜਿਸ ਨਾਲ ਸੂਤਕੀ ਬੁਖਾਰ ਜਾਂ ਜੇਰ ਨਾ ਪੈਣਾ ਆਦਿ ਹੋ ਸਕਦੇ ਹਨ ।

**5. ਪਸ਼ੂ ਖੁਰਾਕ ਵਿੱਚ ਦੇਸੀ ਚੀਜਾਂ ਮਿਲਾ ਕੇ ਦੇਣਾ :** ਕਈ ਵਾਰ ਜੇਰ ਨਾ ਪੈਣ ਦੀ ਸੂਰਤ ਵਿੱਚ ਪਸ਼ੂ ਪਾਲਕਾਂ ਵਲੋਂ ਆਟਾ, ਗੁੜ, ਸੌਫ, ਇਲਾਇਚੀ ਅਤੇ ਜੀਰਾ ਆਦਿ ਨੂੰ ਪਸ਼ੂ ਦੀ ਖੁਰਾਕ ਵਿੱਚ ਮਿਲਾਂ ਕੇ ਖੁਆ ਦਿਤਾ ਜਾਂਦਾ ਹੈ।

**ਵਿਗਿਆਨਕ ਅਧਾਰ :** ਆਟਾ ਤੇ ਗੁੜ ਊਰਜਾ ਪ੍ਰਦਾਨ ਕਰਦੇ ਹਨ ਜੋ ਕਿ ਸੂਣ ਪਿੱਛੋਂ ਨਿਢਾਲ ਹੋਏ ਪਸ਼ੂ ਲਈ ਬਹੁਤ ਜ਼ਰੂਰੀ ਹੈ। ਸੌਫ ਪਾਚਣ ਪ੍ਰਣਾਲੀ ਨੂੰ ਦਰੁਸਤ ਰੱਖਦੀ ਹੈ ਇਲਾਇਚੀ ਅਤੇ ਜੀਰਾ ਦੁੱਧ ਵਧਾਉਣ ਵਿੱਚ ਸਹਾਈ ਹੁੰਦੇ ਹਨ ਅਤੇ ਇੰਨਫੈਕਸ਼ਨ (ਲਾਗ) ਹੋਣ ਤੋਂ ਰੋਕਦੇ ਹਨ। ਊਰਜਾ ਮਿਲਣ ਨਾਲ ਪਸ਼ੂ ਆਮ ਵਾਗ ਹੋ ਜਾਂਦਾ ਹੈ ਤੇ ਬੱਚੇਦਾਨੀ ਵਿੱਚੋਂ ਜੇਰ ਜਲਦੀ ਪੈ ਜਾਂਦੀ ਹੈ।

**6. ਬੌਹਲੀ ਨੂੰ ਪਸ਼ੂ ਦੇ ਸਰੀਰ ਉਤੇ ਮਲ ਦੇਣਾ :** ਕਈ ਵਾਰ ਪਸ਼ੂ ਪਾਲਕ ਬੌਹਲੀ ਨੂੰ ਚੋ ਕੇ ਪਸ਼ੂ ਦੇ ਸਰੀਰ ਤੇ ਮਲ ਦਿੰਦੇ ਹਨ ਅਖੇ ਇਸ ਨਾਲ ਪਸ਼ੂ ਦੇ ਸਰੀਰ ਵਿੱਚ ਗਰਮੀ ਆ ਜਾਵੇਗੀ ਤੇ ਜੇਰ ਜਲਦੀ ਪਵੇਗੀ।

**ਵਿਗਿਆਨਕ ਆਧਾਰ :** ਬੌਹਲੀ ਨੂੰ ਪਸ਼ੂ ਦੇ ਸਰੀਰ ਦੇ ਮਲਣਾ ਨਿਰ ਅਧਾਰ ਹੈ ਹਾਂ ਬੌਹਲੀ ਚੋਣ ਨਾਲ ਜੋ ਹਾਰਮੋਨ ਪਸ਼ੂ ਦੇ ਸਰੀਰ ਵਿੱਚ ਨਿਕਲਦਾ ਹੈ ਉਸ ਨਾਲ ਜੇਰ ਜਲਦੀ ਪੈਂਦੀ ਹੈ।

**7. ਦੇਸੀ ਘਿਉ, ਰੋਟੀਆਂ ਅਤੇ ਖੰਡ ਦੀ ਚੂਰੀ ਬਣਾ ਕੇ ਦੇਣਾ :** ਇਸ ਨੁਕਤੇ ਨਾਲ ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਜੇਰ ਜਲਦੀ ਪਵੇਗੀ । ਵਿਗਿਆਨਕ ਅੱਖ ਨਾਲ ਦੇਖੀਏ ਤਾਂ ਅਸੀਂ ਪਸ਼ੂ ਨੂੰ ਚਿਕਨਾਈ (ਘਿਉ ਤੋਂ) ਅਤੇ ਨਿਸ਼ਾਸਤਾ ਦੇ ਰਹੇ ਹਾਂ। ਖੰਡ ਤੋਂ ਜਲਦੀ-ਜਲਦੀ ਊਰਜਾ ਮਿਲਦੀ ਹੈ। ਇਸ ਖੁਰਾਕ ਨਾਲ ਸੂਣ ਦੀ ਪ੍ਰਕਿਰਿਆ ਨਾਲ ਥੱਕ ਚੁੱਕੇ/ਨਿਡਾਲ ਹੋ ਚੁੱਕੇ ਪਸ਼ੂ ਵਿੱਚ ਵਾਪਸ ਸ਼ਕਤੀ ਆ ਜਾਂਦੀ ਹੈ ਤੇ ਇਸ ਨਾਲ ਬੱਚੇਦਾਨੀ ਦੀ ਸੁੰਗੜਣ ਦੀ ਪ੍ਰਕਿਰਿਆ ਵਿੱਚ ਜਲਦੀ ਆ ਜਾਂਦੀ ਹੈ ਤੇ ਜੇਰ ਜਲਦੀ ਪੈ ਜਾਂਦੀ ਹੈ ।

**8. ਦੁੱਧ (ਬੱਕਰੀ ਦਾ ਜਾਂ ਸੱਜਰ ਮੱਝ ਦਾ, ਕਿਉਂਕਿ ਇਹਨਾਂ ਦੀ ਤਸੀਰ ਗਰਮ ਮੰਨੀ ਜਾਂਦੀ ਹੈ) ਦੇਸੀ ਘਿਉ, ਖੰਡ ਉਬਾਲ ਕੇ ਦੇਣਾ :** ਇਸ ਵਿੱਚ ਵੀ ਉਪਰੋਕਤ ਵਿਗਿਆਨਕ ਅਧਾਰ ਹੀ ਹੈ ।

**9. ਸਾਬਤ ਕਣਕ ਤੇਲ ਲਾਕੇ ਮੂਹਰੇ ਰੱਖਣੀ ਜਾਂ ਪਸ਼ੂ ਨੂੰ ਖੁਆ ਦੇਣੀ :** ਇਸ ਵਿੱਚ ਹੀ ਉਪਰੋਕਤ ਵਿਗਿਆਨਕ ਅਧਾਰ ਹੈ ਤੇ ਤੇਲ ਤੋਂ ਊਰਜਾ ਮਿਲ ਜਾਂਦੀ ਹੈ।



Scanned by CamScanner

10. ਪਿੱਪਲ ਦੇ ਪੱਤੇ ਖੁਆਉਣੇ : ਕੁਝ ਪਸ਼ੂ ਪਾਲਕ ਜੇਰ ਨਾ ਪੈਣ ਦੀ ਸੂਰਤ ਵਿੱਚ ਪਸ਼ੂ ਨੂੰ ਪਿੱਪਲ ਦੇ ਪੱਤੇ ਖੁਆਉਂਦੇ ਹਨ। ਇਸ ਵਿੱਚ ਤਰਕ ਇਹ ਹੋ ਸਕਦਾ ਹੈ ਕਿ ਪਿੱਪਲ ਦੇ ਪੱਤਿਆਂ ਵਿੱਚ ਰੇਸ਼ਾ ਹੁੰਦਾ ਹੈ ਜਿਹੜਾ ਪਸ਼ੂ ਦਾ ਢਿੱਡ ਭਰਨ ਵਿੱਚ ਸਹਾਈ ਹੁੰਦਾ ਹੈ ਜਿਸ ਨਾਲ ਬੱਚੇਦਾਨੀ ਤੇ ਦਬਾਅ ਪੈਂਦਾ ਹੈ ਅਤੇ ਜੇਰ ਜਲਦੀ ਪੈ ਸਕਦੀ ਹੈ।

11. ਗੁਲਕੰਦ ਅਤੇ ਮਖਾਣੇ ਉਬਾਲ ਕੇ-ਉਸ ਵਿੱਚ ਘਿਉ ਪਾ ਕੇ ਪਸ਼ੂ ਨੂੰ ਦੇਣਾ : ਗੁਲਕੰਦ ਵਿੱਚ ਚਾਸ਼ਣੀ ਹੁੰਦੀ ਹੈ ਜੋ ਊਰਜਾ ਦਾ ਸ੍ਰੋਤ ਹੁੰਦੀ ਹੈ ਗੁਲਾਬ ਦੀਆਂ ਪੱਤੀਆਂ ਦੀ ਖੁਸ਼ਬੂ ਕਰਕੇ ਪਸ਼ੂ ਇਸਨੂੰ ਚਾਅ ਨਾਲ ਖਾਵੇਗਾ ਤੇ ਘਿਉ ਵਿੱਚ ਵੀ ਨਿਸ਼ਾਸ਼ਤੇ ਨਾਲੋਂ 2.25 ਗੁਣਾਂ ਜ਼ਿਆਦਾ ਊਰਜਾ ਹੁੰਦੀ ਹੈ। ਜਲਦੀ ਊਰਜਾ ਮਿਲਣ ਨਾਲ ਪਸ਼ੂ ਚੁਸਤ ਹੋ ਜਾਦਾ ਹੈ।

12. ਨਰਮੇ ਦੀਆਂ ਜੜ੍ਹਾਂ ਪਾਣੀ ਵਿੱਚ ਉਬਾਲ ਕੇ ਦੇਣਾ : ਕੁਝ ਪਸ਼ੂ ਪਾਲਕ (ਮਾਲਵਾ ਇਲਾਕੇ ਦੇ) ਜੇਰ ਨਾ ਪੈਣ ਦੀ ਸੂਰਤ ਵਿੱਚ ਨਰਮੇ ਦੇ ਬੂਟੇ ਦੀਆਂ ਜੜ੍ਹਾਂ ਪਾਣੀ ਵਿੱਚ ਉਬਾਲ ਕੇ ਦਿੰਦੇ ਹਨ।

ਵਿਗਿਆਨਕ ਅਧਾਰ : ਜੜ੍ਹਾ ਵਿੱਚ ਕਾਫੀ ਖੁਰਾਕੀ ਤੱਤ ਹੁੰਦੇ ਹਨ ਜੋ ਪਸ਼ੂ ਨੂੰ ਸ਼ਕਤੀ ਦਿੰਦੇ ਹਨ। ਬਾਕੀ ਇਸ ਉਤੇ ਹਜੇ ਖੋਜ਼ ਹੋਣੀ ਬਾਕੀ ਹੈ।

ਚਿਤਾਵਨੀ : ਅੱਜਕਲ ਨਰਮੇ ਦੀ ਫਸਲ ਤੇ ਬਹੁਤ ਸਾਰੀਆਂ ਸਪਰੇਆ ਜਿਵੇਂ ਕਿ ਨਦੀਨਨਾਸ਼ਕ, ਕੀਟਨਾਸ਼ਕ ਆਦਿ ਕੀਤੀਆਂ ਜਾਂਦੀਆਂ ਹਨ ਜੋ ਕਿ ਮਿੱਟੀ ਰਾਹੀ ਜੜ੍ਹਾਂ ਵਿੱਚ ਵੀ ਆ ਸਕਦੀਆਂ ਹਨ ਤੇ ਪਸ਼ੂ ਲਈ ਹਾਨੀਕਾਰਕ ਸਾਬਤ ਹੋ ਸਕਦੀਆਂ ਹਨ ।

13. ਰੇਲਗੱਡੀ ਦੀ ਟਿੱਕਟ ਦੇਣੀ : ਕੁਝ ਅਨਭੋਲ ਲੋਕ ਕਈ ਚਲਾਕ ਲੋਕਾਂ ਦੇ ਹੱਥੇ ਚੜ੍ਹ ਕੇ ਪਸ਼ੂ ਨੂੰ ਰੇਲਗੱਡੀ ਦੀ ਟਿਕਟ ਜਾ ਪਲੇਟਫਾਰਮ ਟਿਕਟ (ਗੱਤੇ ਵਾਲੀ) ਖੁਆ ਦਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਜੇਰ ਵੀ ਰੇਲਗੱਡੀ ਦੀ ਰਫਤਾਰ ਵਾਂਗ ਜਲਦੀ ਬਾਹਰ ਆ ਜਾਵੇਗੀ। ਇਹ ਇੱਕ ਬਿਲਕੁਲ ਨਿਰਅਧਾਰ ਤਰੀਕਾ ਹੈ ਜਿਸ ਵਿੱਚ ਕੋਈ ਸਚਾਈ ਨਹੀਂ ਹੈ।

14. ਨਿਸ਼ਾਦਰ ਦੇਣਾ : ਕਈ ਵਾਰ ਬੱਚੇਦਾਨੀ ਵਿਚ ਪਾਕ ਜਾਂ ਇੰਨਫੈਕਸ਼ਨ ਹੋਵੇ, ਜੇਰ ਨਾ ਪੈਂਦੀ ਹੋਵੇ ਤਾਂ ਪਸ਼ੂ ਪਾਲਕ ਨਿਸ਼ਾਦਰ ਦਿੰਦੇ ਹਨ । ਨਿਸ਼ਾਦਰ ਪਸ਼ੂ ਦੀ ਸਰੀਰ ਵਿੱਚ ਜਮਾਂ ਤੇ ਘਟਾਉ ਦੇ ਨਿਸ਼ਾਨ ਵਾਲੀਆ ਧਾਤਾਂ ਵਿਚ ਸੰਤੁਲਿਨ ਬਣਾਉਣ ਵਿਚ ਸਹਾਈ ਹੁੰਦਾ ਹੈ ਇਹ ਖੂਨ ਵਿਚਲੀ pH ਨੂੰ ਤਬਦੀਲ ਕਰ ਦਿੰਦਾ ਹੈ, ਜਿਸ ਨਾਲ ਰੋਗਾਣੂ ਵੀ ਮਰ ਜਾਂਦੇ ਹਨ ਤੇ ਇਸ ਨਾਲ ਬੱਚੇਦਾਨੀ ਵਿਚਲੀ ਇੰਨਫੈਕਸ਼ਨ ਵੀ ਠੀਕ ਹੋ ਸਕਦੀ ਹੈ ।

15. ਸਰੋਂ ਦਾ ਤੇਲ, ਲੂਣ ਤੇ ਜਵੈਨ ਦੀ ਮਾਲਿਸ਼ : ਕੁਝ ਪਸ਼ੂ ਪਾਲਕ ਇਹਨਾਂ ਤਿੰਨਾਂ ਚੀਜ਼ਾਂ ਦਾ ਮਿਸ਼ਰਣ ਬਣਾ ਕੇ ਪਸ਼ੂ ਜਿਸਦੀ ਜੇਰ ਨਹੀਂ ਪਈ ਹੁੰਦੀ ਉਸਦੀ ਕੰਗਰੋੜ ਤੇ ਮਲ ਦਿੰਦੇ ਹਨ ਤੇ ਧੌਣ ਤੋਂ ਪੂਛ ਵੱਲ ਨੂੰ ਜ਼ੋਰ-2 ਨਾਲ ਮਾਲਿਸ਼ ਕਰਦੇ ਹਨ ਤੇ ਤੱਦ ਤੱਕ ਕਰਦੇ ਹਨ ਜਦੋਂ ਤੱਕ ਪਸ਼ੂ ਦੇ ਸਰੀਰ ਵਿਚ ਸੇਕ ਨਾ ਨਿਕਲਣ ਲੱਗ ਜਾਵੇ ।

## 2. ਹੇਹੇ ਵਿੱਚ ਨਾ ਆਉਣਾ (ਨਾ ਬੋਲਣਾ)

1. ਪਸ਼ੂ ਨੂੰ ਗੁੜ ਖੁਆਉਣਾ: ਅਕਸਰ ਇਹ ਵੇਖਣ ਵਿੱਚ ਆਇਆ ਹੈ ਕਿ ਪਸ਼ੂ ਪਾਲਕ ਆਪਣੇ ਪਸ਼ੂ ਨੂੰ ਗੁੜ ਖੁਆਉਂਦੇ ਹਨ ਕਿ ਪਸ਼ੂ ਜਲਦੀ ਬੋਲ ਪਵੇਗਾ ਤੇ ਨਵੇਂ ਦੁੱਧ ਹੋ ਜਾਵੇਗਾ।

ਵਿਗਿਆਨਕ ਅਧਾਰ : ਗੁੜ ਊਰਜਾ ਦਾ ਸ੍ਰੋਤ ਹੁੰਦਾ ਹੈ ਥੋੜੀ ਮਾਤਰਾ ਵਿੱਚ ਦਿੱਤਾ ਗਿਆ ਗੁੜ ਉਝਰੀ (ਰੂਮਨ) ਵਿਚਲੇ ਸੂਖਮਜੀਵਾਂ ਦੇ ਵੱਧਣ-ਫੁੱਲਣ ਤੇ ਪਾਚਣ ਸ਼ਕਤੀ ਵਿੱਚ ਵਾਧਾ ਕਰਦਾ ਹੈ ਸੋ ਪਸ਼ੂ ਦੀ ਭੁੱਖ ਵੱਧ ਜਾਂਦੀ ਹੈ। ਵੇਖਿਆ



Scanned by CamScanner

ਗਿਆ ਹੈ ਕਿ ਜਿਹੜਾ ਪਸ਼ੂ ਦੁੱਧ ਨਹੀਂ ਦਿੰਦਾ ਉਸ ਨੂੰ ਜ਼ਿਆਦਾਤਰ ਤੂੜੀ ਜਾਂ ਪੱਠਿਆ ਤੇ ਰੱਖਿਆਂ ਜਾਂਦਾ ਹੈ ਸੋ ਉਸ ਵਿੱਚ ਖੁਰਾਕੀ ਤੱਤਾਂ ਦੀ ਕਮੀ ਆ ਜਾਂਦੀ ਹੈ। ਊਰਜਾ ਦੀ ਕਮੀ ਵੀ ਹੋ ਜਾਂਦੀ ਹੈ ਜਿਸ ਨਾਲ ਪਸ਼ੂ ਬੋਲਦਾ ਨਹੀਂ ਜਾਂ ਪ੍ਰਜਨਣ ਫੇਰੀ ਵਿੱਚ ਨਹੀ ਆਉਂਦਾ । ਗੁੜ ਊਰਜਾ ਦੇਣ ਦੇ ਨਾਲ-ਨਾਲ ਭੁੱਖ ਵੀ ਵਧਾਉਂਦਾ ਹੈ ਸੋ ਖੁਰਾਕੀ ਤੱਤਾਂ ਦੀ ਪੂਰਤੀ ਵਿੱਚ ਸਹਾਈ ਹੁੰਦਾ ਹੈ ਜਿਸ ਨਾਲ ਪਸ਼ੂ ਹੇਹੇ ਵਿੱਚ ਆ ਸਕਦਾ ਹੈ।

**ਚਿਤਾਵਨੀ :** ਲਗਾਤਾਰ ਤੇ ਜ਼ਿਆਦਾ ਮਾਤਰਾ ਵਿੱਚ ਦਿੱਤਾ ਹੋਇਆ ਗੁੜ ਪਸ਼ੂ ਲਈ ਹਾਨੀਕਾਰਕ ਹੁੰਦਾ ਹੈ। ਇਹ ਉਝਰੀ ਵਿੱਚ ਜ਼ਿਆਦਾ ਮਾਤਰਾ ਵਿੱਚ ਤੇਜ਼ਾਬ ਬਣਾ ਦਿੰਦਾ ਹੈ ਜਿਸ ਨਾਲ ਪਸ਼ੂ ਖਾਣਾ ਛੱਡ ਦਿੰਦਾ ਹੈ, ਉਗਾਲੀ ਨਹੀਂ ਕਰਦਾ, ਦੁੱਧ ਇਕਦਮ ਘੱਟ ਜਾਂਦਾ ਹੈ।

**2 ਪਸ਼ੂ ਨੂੰ ਵੜੇਵੇਂ ਚਾਰਨੇ :** ਪਸ਼ੂ ਨੂੰ ਹੇਹੇ ਵਿੱਚ ਲਿਆਉਣ ਲਈ ਉਸ ਨੂੰ ਸਾਬਤ ਵੜੇਵੇਂ ਚਾਰੇ ਜਾਂਦੇ ਹਨ। ਪਸ਼ੂ ਪਾਲਕਾਂ ਦਾ ਇਹ ਮੰਨਣਾ ਹੈ ਕਿ ਵੜੇਵਿਆਂ ਦੀ ਤਸੀਰ ਗਰਮ ਹੋਣ ਕਰਕੇ ਪਸ਼ੂ ਜਲਦੀ ਬੋਲ ਪੈਂਦਾ ਹੈ ਤੇ ਨਵੇਂ ਦੁੱਧ ਹੋ ਜਾਂਦਾ ਹੈ।

**ਵਿਗਿਆਨਕ ਅਧਾਰ :** ਪਸ਼ੂ ਨੂੰ ਸਰੀਰਕ ਸੰਚਾਲਣ ਤੇ ਪ੍ਰਜਨਣ ਕਿਰਿਆਵਾਂ ਲਈ ਲਗਾਤਾਰ ਪ੍ਰੋਟੀਨ, ਨਿਸ਼ਾਸਤਾ ਊਰਜਾ ਅਤੇ ਧਾਤਾਂ ਦੀ ਲੋੜ ਹੁੰਦੀ ਹੈ ਕਿਸੇ ਇਕ ਦੀ ਘਾਟ ਵੀ ਨਾ ਬੋਲਣ ਦਾ ਕਾਰਨ ਬਣ ਸਕਦੀ ਹੈ। ਸਾਬਤ ਵੜੇਵਿਆਂ ਵਿੱਚ ਵਧੀਆਂ ਖੁਰਾਕੀ ਤੱਤ ਹੁੰਦੇ ਹਨ। ਵੜੇਵਿਆਂ ਵਿੱਚ ਬਾਈਪਾਸ ਪ੍ਰੋਟੀਨ ਵੀ ਪਾਈ ਜਾਂਦੀ ਹੈ। ਸੋ ਜਦੋਂ ਸਾਰੇ ਖੁਰਾਕੀ ਤੱਤ ਮਿਲਣ ਲੱਗ ਜਾਣ ਤਾਂ ਪਸ਼ੂ ਦੇ ਬੋਲਣ ਦੀ ਆਸ ਹੋ ਜਾਂਦੀ ਹੈ।

**ਚਿਤਾਵਨੀ :** ਵੜੇਂਵਿਆਂ ਨੂੰ ਹਮੇਸ਼ਾ ਰਿੰਨ ਕੇ ਖੁਆਉ। ਕੱਚੇ ਵੜੇਂਵਿਆਂ ਵਿੱਚ ਗੋਸੀਪੋਲ ਨਾਂ ਦਾ ਜ਼ਹਿਰ ਹੁੰਦਾ ਹੈ ਜਿਸ ਨਾਲ ਪਸ਼ੂ ਵਿੱਚ ਜ਼ਹਿਰਬਾਦ ਵੀ ਹੋ ਸਕਦਾ ਹੈ।

**3. ਗੁੜ ਤੇ ਤਾਰੇਮੀਰੇ ਦਾ ਮਿਸ਼ਰਣ ਦੇਣਾ :** ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਗੁੜ ਅਤੇ ਤਾਰੇ ਮੀਰੇ ਦਾ ਮਿਸ਼ਰਣ, ਲਗਭਗ ਅੱਧਾ ਕਿਲੋ ਤੋਂ 1 ਕਿਲੋ 5-7 ਦਿਨ ਖੁਆਉਂਦੇ ਹਨ। ਕਈ ਵਾਰ ਇਸ ਮਿਸ਼ਰਣ ਵਿੱਚ ਥੋੜਾ ਲੂਣ ਵੀ ਪਾ ਲਿਆ ਜਾਂਦਾ ਹੈ। ਜਾਂ ਫਿਰ ਕੁਝ ਲੋਕ ਕਾੜ੍ਹਾ ਜਿਸ ਵਿੱਚ ਸੌਂਫ, ਜਵੈਨ, ਸੁੰਢ ਆਦਿ ਨੂੰ ਗੁੜ ਵਿੱਚ ਪਾ ਕੇ ਦਿੰਦੇ ਹਨ, ਇਸੇ ਵੱਲ ਜੇ ਵਿਗਿਆਨਕ ਅੱਖ ਨਾਲ ਦੇਖੀਏ ਤਾਂ ਪਸ਼ੂ ਦੀ ਖੁਰਾਕ ਵਿੱਚ ਪੰਜ ਖੁਰਾਕੀ ਤੱਤ ਜਿਵੇਂ ਕਿ ਨਿਸ਼ਾਸਤਾ, ਪ੍ਰੋਟੀਨ, ਚਰਬੀ, ਧਾਤਾਂ ਤੇ ਵਿਟਾਮਿਨ ਹੋਣੇ ਚਾਹੀਦੇ ਹਨ। ਇਹਨਾਂ ਵਿਚੋਂ ਕਿਸੇ ਇਕ ਦੀ ਘਾਟ ਵੀ ਪਸ਼ੂ ਦੇ ਨਾ ਬੋਲਣ ਦਾ ਕਾਰਨ ਬਣ ਸਕਦੀ ਹੈ। ਸੋ ਜਦੋਂ ਪਸ਼ੂ ਪਾਲਕ ਆਪਣੇ ਪਸ਼ੂ ਨੂੰ ਗੁੜ, ਤਾਰਾਮੀਰਾ ਤੇ ਲੂਣ ਦਿੰਦੇ ਹਨ ਤਾਂ ਉਹ ਇਕ ਤਰ੍ਹਾਂ ਨਾਲ ਨਿਸ਼ਾਸ਼ਤਾ, ਪ੍ਰੋਟੀਨ ਅਤੇ ਧਾਤਾਂ ਦੀ ਲੋੜ ਨੂੰ ਪੂਰਾ ਕਰ ਰਹੇ ਹੁੰਦੇ ਹਨ । ਜਦੋਂ ਪਸ਼ੂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਹੇਹੇ ਵਿੱਚ ਆ ਜਾਂਦਾ ਹੈ। ਖੁਰਾਕੀ ਤੱਤਾਂ ਦੀ ਪੂਰਤੀ ਤੋਂ ਇਲਾਵਾ ਇਕ ਗੱਲ ਇਹ ਵੀ ਹੈ ਕਿ ਪਸ਼ੂ ਪਾਲਕ ਆਪਣੇ ਪਸ਼ੂ ਨੂੰ ਹੇਹੇ ਦੀਆਂ ਨਿਸ਼ਾਨੀਆਂ ਲਈ ਰੋਜ਼ਾਨਾ ਵੇਖਦਾ ਵੀ ਰਹਿੰਦਾ ਹੈ।

☛ ਨੋਟ : ਉਪਰੋਕਤ ਚੀਜ਼ਾ ਵਿੱਚ ਜੇ 50-100 ਗ੍ਰਾਮ ਧਾਤਾਂ ਦਾ ਚੂਰਾ ਵੀ ਪਾ ਲਿਆ ਜਾਵੇ ਤਾਂ ਬਹੁਤ ਵਧੀਆ ਹੋਵੇਗਾ।

**4. ਗੁੜ + ਸਰੋਂ ਦਾ ਤੇਲ ਤੇ ਤਿਲ ਦਾ ਮਿਸ਼ਰਣ ਦੇਣਾ:-** ਇਹ ਨੁਕਤੇ ਵਿੱਚ ਲੱਗਭਗ ਇਕ ਪਾਇਆ ਗੁੜ ਤੇ ਐਨੇ ਹੀ ਤਿਲ ਲੈ ਕੇ ਉਸ ਵਿੱਚ ਲਗਭਗ 100 ਮਿਲੀ ਲੀਟਰ ਤੇਲ ਪਾ ਕੇ ਮਿਕਸ ਕਰ ਲਿਆ ਜਾਂਦਾ ਹੈ। ਇਸ ਮਿਸ਼ਰਣ ਨੂੰ ਕੁੱਟ ਕੇ ਪਸ਼ੂ ਨੂੰ ਖੁਆਇਆ ਜਾਂਦਾ ਹੈ ਤੇ ਲੱਗਭਗ 4-5 ਦਿਨ ਦਿੱਤਾ ਜਾਂਦਾ ਹੈ। ਇਸ ਵਿੱਚ ਵੀ ਉਪਰੋਕਤ ਵਿਗਿਆਨਕ



Scanned by CamScanner

ਅਧਾਰ ਹੁੰਦਾ ਹੈ।

**5. ਘੋੜੀ ਨੂੰ ਗਰਮੀ ਵਿੱਚ ਲਿਆਉਣ ਲਈ ਮਸਰ ਖੁਆਉਣੇ :** ਮਾਲਵੇ ਇਲਾਕੇ ਵਿੱਚ ਘੋੜੇ ਪਾਲਣ ਦਾ ਸ਼ੌਕ ਕਾਫੀ ਪ੍ਰਚੱਲਿਤ ਹੈ ਇਹ ਲੋਕ ਜਦੋ ਘੋੜੀ ਗਰਮੀ ਵਿੱਚ ਨਹੀਂ ਆਉਂਦੀ ਤਾਂ ਉਸ ਨੂੰ ਮਸਰ ਖੁਆਉਦੇ ਹਨ। ਮਸਰ ਇਕ ਪ੍ਰੋਟੀਨ ਦਾ ਸਰੋਤ ਹੈ ਜੋ ਕਿ ਘੋੜੀ ਦੇ ਸਰੀਰ ਅੰਦਰਲੀ ਘਾਟ ਨੂੰ ਪੂਰਾ ਕਰਦਾ ਹੈ। ਕਈ ਵਾਰ ਖੁਰਾਕੀ ਤੱਤਾਂ ਦੀ ਘਾਟ ਹੀ ਗਰਮੀ ਵਿੱਚ ਨਾ ਆਉਣ ਦਾ ਕਾਰਨ ਹੁੰਦੀ ਹੈ।

6. **ਲਸਣ ਖੁਆਉਣਾ :** ਪਸ਼ੂ ਨੂੰ ਇਕ ਕਿਲੋ ਲਸਣ ਇਕ ਹਫਤੇ ਵਿਚ ਖੁਆਉਂਦੇ ਹਨ । ਲਸਣ ਨੂੰ ਆਯੁਰਵੈਦਿਕ ਵਿਚ ਅਦਭੁਤ ਦਵਾਈ ਦਾ ਨਾਂ ਦਿੱਤਾ ਗਿਆ ਹੈ । ਇਸ ਵਿਚ ਕਈ ਤਰ੍ਹਾਂ ਦੇ ਰੋਗਾਣੂ ਨਾਸ਼ਕ ਗੁਣ ਪਾਏ ਜਾਂਦੇ ਹਨ । ਹੋ ਸਕਦਾ ਹੈ ਇਹਨਾਂ ਦੀ ਬਦਲੌਤ ਪਸ਼ੂ ਅੰਦਰ ਪਲਪ ਰਹੇ ਕਈ ਰੋਗਾਣੂ ਮਰ ਜਾਂਦੇ ਹੋਣ ਤੇ ਪਸ਼ੂ ਹੇਹੇ ਵਿਚ ਆ ਜਾਂਦਾ ਹੋਵੇ।

7. **ਮਾਚਿਸ ਦਾ ਮਸਾਲਾ ਖੁਆਉਣਾ :** ਕੁਝ ਪਸ਼ੂ ਪਾਲਕਾਂ ਵਲੋ ਪਸ਼ੂ ਨੂੰ ਮਾਚਿਸ ਦਾ ਮਸਾਲਾ ਖੁਆਇਆ ਜਾਂਦਾ ਹੈ ਬਈ ਇਸ ਨਾਲ ਪਸ਼ੂ ਬੋਲ ਪਵੇਗਾ, ਪਰ ਇਸ ਵਿਚ ਕੋਈ ਵਿਗਿਆਨਕ ਸਚਾਈ ਨਹੀਂ ਹੈ ।

8. **ਝੋਟੀ ਨੂੰ ਜੋੜਨਾ :** ਕਈ ਵਾਰ ਝੋਟੀ ਜ਼ਿਆਦਾ ਮੋਟੀ ਹੋ ਜਾਂਦੀ ਹੈ ਤੇ ਹੇਹੇ ਵਿਚ ਨਹੀਂ ਆਉਂਦੀ । ਕਈ ਪਸ਼ੂ ਪਾਲਕ ਅਜਿਹੇ ਪਸ਼ੂ ਨੂੰ ਗੱਡੇ ਅੱਗੇ ਜਾਂ ਖੇਤਾਂ ਵਿਚ ਜੋੜ ਕੇ ਕੰਮ ਲੈਂਦੇ ਹਨ । ਉਹਨਾਂ ਦਾ ਮੰਨਣਾ ਸੀ ਇਸ ਨਾਲ ਝੋਟੀ ਹੇਹੇ ਵਿਚ ਆ ਜਾਉ।

**ਵਿਗਿਆਨਕ ਅਧਾਰ :** ਕਈ ਵਾਰ ਜ਼ਿਆਦਾ ਚਰਬੀ ਜਮਾਂ ਹੋਣਾ ਵੀ ਪਸ਼ੂ ਦੀ ਪ੍ਰਜਨਣ ਸ਼ਕਤੀ ਨੂੰ ਘਟਾਉਂਦਾ ਹੈ ਤੇ ਅਜਿਹੇ ਕੇਸਾਂ ਵਿਚ ਪਸ਼ੂ ਤੋਂ ਕੰਮ ਲੈਣ ਨਾਲ ਉਸਦੀ ਚਰਬੀ / ਫੈਟ ਖੁਰ ਜਾਂਦੀ ਹੈ ਤੇ ਕੁਝ ਕੇਸਾਂ ਵਿਚ ਪਸ਼ੂ ਹੇਹੇ ਵਿੱਚ ਵੀ ਆ ਜਾਂਦਾ ਹੈ ।

9. **ਕਿੱਲਾ ਬਦਲਣਾ :** ਕੁਝ ਪਸ਼ੂ ਪਾਲਕ ਪਸ਼ੂ ਦੇ ਹੇਹੇ ਵਿਚ ਨਾ ਆਉਣ ਤੇ ਉਸਦਾ ਕਿੱਲਾ ਬਦਲਦੇ ਹਨ । ਕਈ ਪਸ਼ੂ ਪਾਲਕਾਂ ਦਾ ਮੰਨਣਾ ਸੀ ਕਈ ਕਿੱਲਿਆਂ ਤੇ ਬਰਕਤ ਹੁੰਦੀ ਹੈ ਤੇ ਪਸ਼ੂ ਹਰ ਸਾਲ ਇਕ ਸੂਆ ਦਿੰਦਾ ਹੀ ਦਿੰਦਾ ਹੈ ।

**ਵਿਗਿਆਨਕ ਅਧਾਰ :** ਇਕ ਤਾਂ ਕਿੱਲੇ ਦੇ ਆਸਪਾਸ ਦਾ ਵਾਤਾਵਰਣ ਤੇ ਦੂਸਰਾ ਪਸ਼ੂ ਪਾਲਕ ਉਪਰੋਕਤ ਸੋਚ ਅਧੀਨ ਇਸ ਕਿੱਲੇ ਤੇ ਬੰਨੇ ਪਸ਼ੂ ਵੱਲ ਵੱਧ ਤਵੱਜੋਂ ਦਿੰਦਾ ਹੈ । ਉਸ ਦੀ ਇਹ ਸੋਚ ਕਿ ਪਸ਼ੂ ਹੁਣ ਇਸੇ ਕਿੱਲੇ ਤੇ ਆ ਕੇ ਬੋਲੇਗਾ ਹੀ ਬੋਲੇਗਾ ਉਸ ਦੁਆਰਾ ਪਸ਼ੂ ਨੂੰ ਹਰ ਰੋਜ਼ ਹੇਹੇ ਦੀਆਂ ਨਿਸ਼ਾਨੀਆਂ ਵੇਖਣ ਲਈ ਬੇਚੈਨ ਕਰਦੀ ਹੈ ਤੇ ਕਈ ਵਾਰੀ ਬਸ ਏਸੇ ਗੱਲੋ ਹੀ ਪਸ਼ੂ ਖੁੰਝ ਰਿਹਾ ਹੁੰਦਾ ਹੈ । ਪਸ਼ੂ ਹੇਹੇ ਵਿਚ ਤਾਂ ਆ ਰਿਹਾ ਹੁੰਦਾ ਹੈ ਪਰ ਪਸ਼ੂ ਪਾਲਕ ਨੂੰ ਪਤਾ ਨਹੀਂ ਲਗਦਾ ।

10. ਕੁਝ ਚਲਾਕ ਆਦਮੀਆਂ ਵਲੋਂ ਘੜੇ ਟੋਟਕੇ ਜਿਵੇਂ ਕਿ ਕਾਂ ਟੂਟੀ, ਭੁੱਕੀ, ਤੰਬਾਕੂ, ਜਰਦਾ ਆਦਿ ਖੁਆਉਣਾ ਵੀ ਕਿਤੇ ਕਿਤੇ ਦੇਖਣ ਸੁਨਣ ਨੂੰ ਮਿਲ ਜਾਂਦੇ ਹਨ। ਪਰ ਇਹਨਾਂ ਵਿੱਚ ਕੋਈ ਅਧਾਰ ਨਹੀਂ ਹੈ।

11. **ਮੁਰਗੀ ਜਾਂ ਕਬਤੂਰ ਦੀਆਂ ਬਿੱਠਾਂ ਖੁਆਉਣੀਆਂ :** ਕੁਝ ਪਸ਼ੂ ਪਾਲਕ ਪਸ਼ੂ ਦੇ ਹੇਹੇ ਵਿੱਚ ਨਾ ਆਉਣ ਤੇ ਉਸਨੂੰ ਮੁਰਗੀ ਜਾਂ ਕਬਤੂਰ ਦੀਆਂ ਬਿੱਠਾਂ ਖੁਆ ਦਿੰਦੇ ਹਨ।

**ਵਿਗਿਆਨਕ ਅਧਾਰ :** ਬਿੱਠਾਂ ਵਿੱਚ ਕਾਫੀ ਮਾਤਰਾ ਵਿੱਚ ਪ੍ਰੋਟੀਨ ਪਾਈ ਜਾਂਦੀ ਹੈ, ਸੋ ਪਸ਼ੂ ਦੀ ਪ੍ਰੋਟੀਨ ਦੀ ਜ਼ਰੂਰਤ ਪੂਰੀ ਹੋ ਸਕਦੀ ਹੈ । ਮੁਰਗੀ ਦੀਆਂ ਬਿੱਠਾਂ ਨੂੰ ਪਸ਼ੂ ਦੀ ਖੁਰਾਕ ਵਿੱਚ ਵੀ ਵਰਤਿਆ ਜਾ ਸਕਦਾ ਹੈ।



Scanned by CamScanner

12. ਜਾਫਲ / ਭਲਾਵੇ ਚਾਰਨੇ : ਜਦੋਂ ਪਸ਼ੂ ਨਾ ਬੋਲਦਾ ਹੋਵੇ ਤਾਂ ਪਸ਼ੂ ਪਾਲਕ ਜਾਫਲ / ਭਲਾਵੇ ਪਸ਼ੂ ਨੂੰ ਖਾਣ ਲਈ ਦਿੰਦੇ ਹਨ। ਜਾਫਲ ਜਾਂ ਭਲਾਵੇ ਬਾਰੇ ਉਹ ਕਹਿੰਦੇ ਹਨ ਕਿ ਇਹਨਾਂ ਦੀ ਤਸੀਰ ਗਰਮ ਹੁੰਦੀ ਹੈ ਅਤੇ ਇਸ ਨੂੰ ਖਾਣ ਨਾਲ ਪਸ਼ੂ ਗਰਮੀ ਵਿੱਚ ਆ ਜਾਂਦਾ ਹੈ।

☛ **ਨੋਟ : ਉਪਰੋਕਤ ਲਗਭਗ ਸਭ ਧਾਰਨਾਵਾਂ ਵਿੱਚ ਇੱਕ ਗੱਲ ਹੈ ਕਿ ਪਸ਼ੂ ਪਾਲਕ ਪਸ਼ੂ ਨੂੰ ਕੁਝ ਨਾ ਕੁਝ ਖੁਆ ਕੇ ਪਸ਼ੂ ਨੂੰ ਹਰ ਰੋਜ਼ ਦੇਖਣ ਲੱਗ ਪੈਂਦਾ ਹੈ ਕਿ ਉਹ ਹੇਹੇ ਵਿੱਚ ਆਇਆ ਕੇ ਨਹੀਂ। ਜਿਆਦਾਤਰ ਤੌਰ ਤੇ ਮੱਝਾਂ ਵਿੱਚ ਗੂੰਗੇ ਹੇਹੇ ਦੀ ਸਮੱਸਿਆ ਹੁੰਦੀ ਹੈ ਮਤਲਬ ਪਸ਼ੂ ਹੇਹੇ ਵਿੱਚ ਤਾਂ ਆ ਰਿਹਾ ਹੁੰਦਾ ਹੈ ਪਰ ਪਸ਼ੂ ਪਾਲਕ ਨੂੰ ਇਸ ਦਾ ਪਤਾ ਨਹੀਂ ਚਲਦਾ ਕਿਉਂਕਿ ਗੂੰਗੇ ਹੇਹੇ ਵਿੱਚ ਪਸ਼ੂ ਹੇਹੇ ਵਾਲੀਆਂ ਆਮ ਨਿਸ਼ਾਨੀਆਂ ਨਹੀਂ ਦਿਖਾਉਂਦਾ। ਜਦੋਂ ਪਸ਼ੂ ਪਾਲਕ ਉਸ ਨੂੰ ਹਰ ਰੋਜ਼ ਦੇਖਣ ਲੱਗ ਜਾਂਦਾ ਹੈ ਤਾਂ ਉਸ ਨੂੰ ਹੇਹੇ ਵਾਲਾ ਪਸ਼ੂ ਲੱਭ ਪੈਂਦਾ ਹੈ।**

## 3. ਆਸ ਕਰਾਉਣ ਪਿਛੋਂ

**1. ਨਵੇਂ ਦੁੱਧ ਕਰਾਉਣ ਪਿਛੋਂ ਪਸ਼ੂ ਨੂੰ ਅੱਧਾ ਘੰਟਾ ਬੈਠਣ ਨਾ ਦੇਣਾ** : ਨਵੇਂ ਦੁੱਧ ਕਰਾਉਣ ਪਿਛੋਂ ਪਸ਼ੂ ਨੂੰ ਅੱਧਾ-ਘੰਟਾ ਬੈਠਣ ਨਹੀਂ ਦਿੱਤਾ ਜਾਂਦਾ ਹੈ। ਪਸ਼ੂ ਪਾਲਕਾਂ ਦਾ ਇਹ ਮੰਨਣਾ ਹੈ ਕਿ ਬੈਠਣ ਨਾਲ ਸਾਰਾ ਵੀਰਜ ਬਾਹਰ ਨਿਕਲ ਜਾਵੇਗਾ ਤੇ ਪਸ਼ੂ ਆਸ ਨਹੀਂ ਹੋਵੇਗਾ ਤੇ ਅਗਲੇ ਬਾਈਏ ਤੇ ਫਿਰ ਬੋਲ ਪਵੇਗਾ ।

**ਵਿਗਿਆਨਕ ਅਧਾਰ** : ਸਾਨ੍ਹ ਤੋਂ ਨਵੇਂ ਦੁੱਧ ਕਰਵਾਇਆ ਹੋਵੇ ਜਾਂ ਮਸਨੂਈ ਗਰਭਦਾਨ ਰਾਹੀਂ ਨਵੇਂ ਦੁੱਧ ਕਰਵਾਇਆ ਹੋਵੇ, ਦੋਨੇ ਹੀ ਕੇਸਾ ਵਿੱਚ ਵੀਰਜ ਨੂੰ ਸੂ ਵਿੱਚ ਕਾਫੀ ਅੱਗੇ (ਬੱਚੇਦਾਨੀ ਦੇ ਮੂੰਹ ਤੇ) ਛੱਡਿਆ ਜਾਂਦਾ ਹੈ ਤੇ ਇਸ ਦੀ ਵਾਪਿਸ ਬਾਹਰ ਆਉਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਦੂਜਾ ਯੋਨੀ ਵਿੱਚ ਸੁੰਘੜਨ ਦੀ ਪ੍ਰਕਿਰਿਆ ਵੀਰਜ ਨੂੰ ਅੱਗੇ ਵੱਲ ਖਿੱਚਦੀ ਹੈ।

**2. ਨਵੇਂ ਦੁੱਧ ਕਰਾਉਣ ਪਿਛੋਂ ਪਸ਼ੂ ਨੂੰ ਠੰਡੇ ਪਾਣੀ ਨਾਲ ਨੁਹਾਉਣਾ** : ਨਵੇਂ ਦੁੱਧ ਕਰਾਉਣ ਪਿਛੋਂ ਉਸ ਨੂੰ ਠੰਡੇ ਪਾਣੀ ਨਾਲ ਨੁਹਾਇਆ ਜਾਦਾ ਹੈ ਇਹ ਮੰਨਣਾ ਹੈ ਕਿ ਇਸ ਨਾਲ ਪਸ਼ੂ ਦੀ ਰਹਿਣ ਦੀ ਆਸ ਵੱਧ ਜਾਵੇਗੀ ।

**ਵਿਗਿਆਨਕ ਅਧਾਰ**: ਪਹਿਲੋਂ-ਪਹਿਲਾਂ ਮੱਝ/ਗਾਂ ਨੂੰ ਆਸ ਕਰਾਉਣ ਲਈ ਤੋਰ ਕੇ ਸਾਨ੍ਹ/ਮਾਲੀ ਕੋਲ ਲੈ ਜਾਇਆ ਜਾਂਦਾ ਸੀ ਜਿਸ ਨਾਲ ਉਹਨਾਂ ਦਾ ਸ਼ਰੀਰਕ ਤਾਪਮਾਨ ਵੱਧ ਜਾਂਦਾ ਸੀ, ਰਹਿਣ ਦੀ ਦਰ ਤਾਂ ਹੀ ਜ਼ਿਆਦਾ ਹੋਵੇਗੀ ਜੇ ਪਸ਼ੂ ਦਾ ਸ਼ਰੀਰਕ ਤਾਪਮਾਨ ਆਮ ਵਰਗਾ ਹੋਵੇਗਾ ਨਹੀਂ ਤਾਂ ਜ਼ਿਆਦਾ ਸ਼ਰੀਰਕ ਤਾਪਮਾਨ ਨਾਲ ਵੀਰਜ ਵਿਚਲੇ ਸ਼ੁਕਰਾਣੂ ਮਰ ਸਕਦੇ ਹਨ। ਸੋ ਇਸੇ ਲਈ ਪਸ਼ੂ ਨੂੰ ਆਸ ਕਰਾਉਣ ਪਿਛੋਂ ਨਵਾਇਆਂ ਜਾਂਦਾ ਸੀ ਤੇ ਇਹ ਟੋਟਕਾ ਹੁਣ ਤੱਕ ਚੱਲਦਾ ਆ ਰਿਹਾ ਹੈ, ਹੁਣ ਵੀ ਜੇ ਮੱਝ ਗਾਂ ਨੂੰ ਤੋਰ ਕੇ ਲੈ ਜਾਣਾ ਹੋਵੇ ਤਾਂ ਆਸ ਕਰਾਉਣ ਤੋਂ ਪਹਿਲਾਂ ਅੱਧਾ ਘੰਟਾ ਪਸ਼ੂ ਨੂੰ ਅਰਾਮ ਕਰਨ ਦਿਉ ਤਾਂ ਕਿ ਉਸਦਾ ਸ਼ਰੀਰਕ ਤਾਪਮਾਨ ਆਮ ਵਾਗਰਾਂ ਹੋ ਜਾਵੇ । ਇਸੇ ਤਰ੍ਹਾਂ ਨਵੇਂ ਦੁੱਧ ਕਰਾਉਣ ਪਿਛੋਂ ਘੱਟੋ-ਘੱਟ ਅੱਧਾ ਘੰਟਾ ਅਰਾਮ ਕਰਨ ਦਿਉ ਫਿਰ ਤੋਰ ਕੇ ਵਾਪਿਸ ਲੈ ਜਾਉ।

**3. ਆਸ ਹੋਏ ਪਸ਼ੂ ਨੂੰ ਤੇਲ ਦੇਣਾ (ਜ਼ਿਆਦਾਤਰ ਗਰਮੀਆਂ ਵਿੱਚ)**: ਪਸ਼ੂ ਪਾਲਕਾਂ ਵਲੋਂ ਅਕਸਰ ਆਸ ਹੋਏ ਪਸ਼ੂ ਨੂੰ ਗਰਮੀਆਂ ਵਿੱਚ ਤੇਲ ਦਿੱਤਾ ਜਾਂਦਾ ਹੈ ਇਸ ਪਿਛੇ ਧਾਰਨਾ ਇਹ ਹੈ ਕਿ ਇਸ ਦੀ ਤਸੀਰ ਠੰਡੀ ਹੁੰਦੀ ਹੈ। ਇਸੇ ਤਰ੍ਹਾਂ ਸੂਣ ਤੋਂ ਕੁਝ ਚਿਰ ਪਹਿਲਾ ਵੀ ਤੇਲ / ਘਿਉ ਦਿੱਤਾ ਜਾਂਦਾ ਹੈ। ਇਸ ਨਾਲ ਪਸ਼ੂ ਨੂੰ ਸੂਣ ਵਿੱਚ ਕਠਿਨਾਈ ਨਹੀਂ ਆਵੇਗੀ।



Scanned by CamScanner

**ਵਿਗਿਆਨਕ ਅਧਾਰ:** ਪਸ਼ੂ ਦੀ ਖੁਰਾਕ ਵਿਚੋਂ ਰੇਸ਼ੇ ਦੇ ਖਾਣ ਨਾਲ ਸਰੀਰ ਵਿੱਚ ਜ਼ਿਆਦਾ ਗਰਮੀ ਪੈਦਾ ਹੁੰਦੀ ਫਿਰ ਪ੍ਰੋਟੀਨ ਖਾਣ ਨਾਲ ਤੇ ਸਭ ਤੋਂ ਘੱਟ ਤੇਲ/ਘਿਉ ਖਾਣ ਨਾਲ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ। ਸੋ ਗਰਮੀ ਵਿੱਚ ਪਸ਼ੂ ਗਰਮੀ ਦੇ ਦਬਾਅ ਕਾਰਨ ਵੈਸੇ ਹੀ ਘੱਟ ਖਾਦਾ ਹੈ ਸੋ ਉਸ ਦੀ ਊਰਜਾ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਤੇਲ ਦਿਤਾ ਜਾਂਦਾ ਹੈ ਇਸ ਨਾਲ ਪਸ਼ੂ ਦੇ ਸਰੀਰ ਤੇ ਗਰਮੀ ਦਾ ਦਬਾਅ ਬਾਕੀ ਖੁਰਾਕ ਨਾਲੋਂ ਘੱਟ ਹੁੰਦਾ ਹੈ। ਰਹੀ ਦੂਜੀ ਗੱਲ ਸੂਣ ਤੋਂ ਪਹਿਲਾਂ ਤੇਲ ਦੇਣ ਦੀ-ਤੇਲ ਘਿਉ ਊਰਜਾ ਦੇ ਸ੍ਰੋਤ ਹੁੰਦੇ ਹਨ ਪਸ਼ੂ ਅੰਦਰ ਤਾਕਤ ਭਰਦੇ ਹਨ ਜਿਸ ਨਾਲ ਪਸ਼ੂ ਸੂਣ ਵੇਲੇ ਸੋਖਿਆਂ ਹੀ ਸੂ ਜਾਂਦਾ ਹੈ। ਬਾਕੀ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਤੇਲ ਦੇਣ ਨਾਲ ਸੂ ਅੰਦਰਲਾ ਰਸਤਾ ਥਿੰਦਾ ਹੋ ਜਾਂਦਾ ਹੈ ਜਿਸ ਨਾਲ ਕੱਟੜੂ-ਵੱਛੜੂ ਫਿਸਲ/ਤਿਲਕ ਕੇ ਜਲਦੀ ਬਾਹਰ ਆ ਜਾਂਦਾ ਹੈ ਪਰ ਅਜਿਹੀ ਕੋਈ ਗੱਲ ਨਹੀਂ ਸਾਰਾ ਤੇਲ-ਘਿਉ ਪਸ਼ੂ ਦੀ ਪਾਚਣ ਪ੍ਰਣਾਲੀ ਵਿੱਚ ਹੀ ਟੁੱਟ ਜਾਂਦਾ ਹੈ ਜਾਂ ਜ਼ਜਬ ਹੋ ਜਾਂਦਾ ਹੈ। ਹਾਂ ਔਖੀ ਸੂਆਈ ਵੇਲੇ ਬੱਚੇਦਾਨੀ ਦੇ ਅੰਦਰ ਤੇਲ/ਤਰਲ ਪੈਰਾਫੀਨ ਪਾਈ ਜਾਂਦੀ ਹੈ ਤਾਂ ਜੋ ਸੂਣ ਦਾ ਰਾਸਤਾ ਤਿਲਕਣਾ ਹੋ ਜਾਵੇ ਤੇ ਪਸ਼ੂ ਸੋਖਾ ਸੂ ਪਵੇ।

**ਚਿਤਾਵਨੀ:** ਜ਼ਿਆਦਾ ਮਾਤਰਾ ਵਿੱਚ ਦਿੱਤਾ ਤੇਲ ਪਸ਼ੂ ਦਾ ਹਾਜ਼ਮਾ ਖਰਾਬ ਕਰ ਸਕਦਾ ਹੈ।

**4. ਆਸ ਕਰਾਉਣ ਤੋ ਪਹਿਲਾਂ ਪਸ਼ੂ ਨੂੰ ਭਜਾਉਣਾ :** ਕੁਝ ਪਸ਼ੂ ਪਾਲਕ ਪਸ਼ੂਆਂ ਨੂੰ ਖਾਸ ਕਰਕੇ ਮੱਝਾਂ ਨੂੰ ਕੁਦਰਤੀ ਜਾਂ ਮਸਨੂਈ ਗਰਭਦਾਨ ਕਰਾਉਣ ਤੋ ਪਹਿਲਾਂ ਪਸ਼ੂ ਨੂੰ ਕਾਫੀ ਦੇਰ ਤੱਕ ਭਜਾਉਦੇ ਰਹਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਅਜਿਹਾਂ ਕਰਨ ਨਾਲ ਪਸ਼ੂ ਥੱਕ ਜਾਵੇਗਾ ਤੇ ਉਸ ਤੋ ਬਾਅਦ ਗਰਭਦਾਨ ਕਰਾਉਣ ਤੇ ਵੀਰਜ਼ ਯੋਨੀ ਵਿੱਚੋ ਬਾਹਰ ਨਹੀਂ ਆਵੇਗਾ ਤੇ ਪਸ਼ੂ ਠਹਿਰ ਜਾਵੇਗਾ।

**ਵਿਗਿਆਨਕ ਅਧਾਰ :** ਇਹ ਬਿਲਕੁਲ ਹੀ ਗਲਤ ਧਾਰਨਾ ਹੈ ਕਿਉਂਕਿ ਇੱਕ ਤਾਂ ਗਰਭਦਾਨ ਵੇਲੇ ਪਸ਼ੂ ਦਾ ਸਰੀਰਕ ਤਾਪਮਾਨ ਨਾਰਮਲ/ਸਹੀ ਹੋਣਾ ਚਾਹੀਦਾ ਹੈ ਨਹੀਂ ਤਾਂ ਸ਼ੁਕਰਾਣੂਆਂ ਦੇ ਮਰਨ ਦਾ ਖਤਰਾਂ ਹੁੰਦਾ ਹੈ ਜਿਸ ਨਾਲ ਪਸ਼ੂ ਦੇ ਗੱਭ ਰਹਿਣ ਦੇ ਮੌਕੇ ਵੀ ਘੱਟ ਜਾਂਦੇ ਹਨ। ਦੂਜਾ ਇਸ ਹਲਾਤ ਵਿੱਚ ਪਸ਼ੂ ਦੇ ਸ਼ਰੀਰ ਵਿਚੋਂ ਅਜਿਹੇ ਤੱਤ ਨਿਕਲਦੇ ਹਨ ਜਿਸ ਨਾਲ ਪਸ਼ੂ ਦੇ ਗੱਭਣ ਰਹਿਣ ਦੇ ਮੌਕੇ ਘੱਟ ਜਾਂਦੇ ।

**5. ਮੁਸ਼ਕ ਕਪੂਰ ਦੀਆਂ ਦੋ ਟਿੱਕੀਆਂ ਦੇਣਾ :** ਪਸ਼ੂ ਪਾਲਕ ਦਾ ਮੰਨਣਾ ਹੈ ਇਸ ਨਾਲ ਪਸ਼ੂ ਠਹਿਰ ਜਾਵੇਗਾ ।

**6. ਪਸ਼ੂ ਨੂੰ ਖੱਲ ਨਹੀਂ ਦੇਣੀ ਅਖੇ ਗਰਮ ਹੁੰਦੀ ਹੈ :** ਖੱਲ ਪ੍ਰੋਟੀਨ ਦਾ ਸ੍ਰੋਤ ਹੁੰਦੀ ਹੈ । ਇਸ ਤੋਂ ਬਾਕੀ ਖੁਰਾਕੀ ਤੱਤ ਵੀ ਮਿਲਦੇ ਹਨ ਜੋ ਪਸ਼ੂ ਨੂੰ ਸਿਹਤਮੰਦ ਰੱਖਦੇ ਹਨ ਜਿਸ ਨਾਲ ਪਸ਼ੂ ਦੇ ਠਹਿਰਣ ਦੀ ਆਸ ਵੱਧ ਹੁੰਦੀ ਹੈ ।

**7. ਪਸ਼ੂ ਨੂੰ ਅਫੀਮ ਦੇਣੀ :** ਇਹ ਟੋਟਕਾ ਮਾਲਵੇ ਇਲਾਕੇ ਵਿੱਚ ਕਿਤੇ ਕਿਤੇ ਵੇਖਣ ਨੂੰ ਮਿਲ ਜਾਂਦਾ ਹੈ। ਅਫੀਮ ਦਾ ਪਸ਼ੂ ਦੇ ਗੱਭ ਰਹਿਣ ਵਿੱਚ ਕੋਈ ਪ੍ਰਭਾਵ ਹੈ ਕਿ ਨਹੀਂ ਇਹ ਤਾਂ ਖੋਜ ਤੋਂ ਬਾਅਦ ਪਤਾ ਚੱਲੂ, ਲੇਕਿਨ ਜੇ ਅਫੀਮ ਦਿੰਦੇ ਫੜੇ ਗਏ ਤਾਂ ਸਜ਼ਾ ਜ਼ਰੂਰ ਹੋਵੇਗੀ।

**8. ਤੱਤਾਂ ਚਮਟਾ ਸੂ ਤੇ ਲਾਉਣਾ :** ਪਸ਼ੂ ਨੂੰ ਆਸ ਕਰਾਉਣ ਪਿਛੋਂ ਉਸਦੀ ਸੂ ਤੇ ਤੱਤਾਂ ਚਮਟਾ ਲਾਇਆ ਜਾਂਦਾ ਹੈ। ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਸ ਨਾਲ ਪਸ਼ੂ ਫਿਰੂਗਾ ਨਹੀਂ ।

**9. ਸੰਗਲ ਨੂੰ ਤਾਲਾ ਮਾਰਨਾ :** ਪਸ਼ੂ ਨੂੰ ਆਸ ਕਰਾਉਣ ਪਿਛੋਂ ਉਸਦੇ ਸੰਗਲ ਨੂੰ (ਜ਼ਿਆਦਾਤਰ ਮੱਝਾਂ ਵਿੱਚ) ਤਾਲਾ ਮਾਰ ਦਿੱਤਾ ਜਾਂਦਾ ਹੈ ਬਈ ਹੁਣ ਪਸ਼ੂ ਆਸ ਹੀ ਰਹੇਗਾ ਵਾਰ-ਵਾਰ ਬੋਲੂਗਾ ਨਹੀਂ।

**10. ਗੋਹਾ ਪਿਲਾਉਣਾ :** ਪਸ਼ੂ ਨੂੰ ਆਸ ਕਰਾਉਣ ਉਪਰੰਤ ਪਿਲਾਇਆ ਜਾਂਦਾ ਹੈ।



Scanned by CamScanner

ਉਪਰੋਕਤ ਤਿੰਨੇ ਤਰੀਕਿਆਂ ਵਿੱਚ ਕੋਈ ਵੀ ਵਿਗਿਆਨਕ ਅਧਾਰ ਨਹੀਂ ਹੈ। ਮਨ ਨੂੰ ਸਮਝਾਉਣ ਦੀ ਗੱਲ ਹੈ ਬਾਕੀ ਗੋਹਾ ਘੋਲ ਕੇ ਪਿਆਉਣ ਨਾਲ ਪਸ਼ੂ ਨੂੰ ਹੋਰ ਬੀਮਾਰੀਆਂ ਜ਼ਰੂਰ ਲੱਗ ਸਕਦੀਆਂ ਹਨ।

11. **ਛਮਕ ਮੰਮੋਲੀ ਦਾ ਫੁੱਲ ਲੈ ਕੇ ਯੋਨੀ ਵਿਚ ਭੰਨਣਾ :** ਇਹ ਅਕਸਰ ਨਵੇਂ ਦੁੱਧ ਕਰਾਉਣ ਪਿਛੋਂ ਕੀਤਾ ਜਾਂਦਾ ਹੈ । ਇਸ ਨਾਲ ਯੋਨੀ ਬਹੁਤ ਹੀ ਜ਼ਿਆਦਾ ਸੁੱਜ ਜਾਂਦੀ ਹੈ ਤੇ ਪਸ਼ੂ ਪਾਲਕਾਂ ਦਾ ਕਹਿਣਾ ਹੈ ਬਈ ਇਸ ਨਾਲ ਵੀਰਜ਼ ਯੋਨੀ ਵਿਚੋਂ ਬਾਹਰ ਨਹੀਂ ਆਵੇਗਾ ਤੇ ਪਸ਼ੂ ਠਹਿਰ ਜਾਵੇਗਾ । ਇਹ ਟੋਟਕਾ ਮਾਲਵੇ ਇਲਾਕੇ ਵਿੱਚ ਪ੍ਰਚੱਲਿਤ ਹੈ।

**ਵਿਗਿਆਨਕ ਅਧਾਰ :** ਕੁਦਰਤੀ ਜਾਂ ਬਣਾਉਟੀ/ਮਸਨੂਈ ਗਰਭਦਾਨ ਹੋਵੇ ਦੋਵੇਂ ਹੀ ਕੇਸਾਂ ਵਿਚ ਵੀਰਜ ਨੂੰ ਯੋਨੀ ਵਿਚ ਕਾਫੀ ਅੱਗੇ ਛੱਡਿਆ ਜਾਂਦਾ ਹੈ । ਦੂਸਰੇ ਯੋਨੀ ਦੀ ਸੁੰਗੜਨ ਪ੍ਰਕਿਰਿਆ ਵੀਰਜ਼ ਨੂੰ ਅੱਗੇ ਵੱਲ ਖਿੱਚਦੀ ਹੈ । ਸੋ ਇਸ ਛਮਕ ਮੰਮੋਲੀ ਵਾਲਾ ਟੋਟਕਾ ਦਿਲ ਨੂੰ ਸਮਝਾਉਣ ਵਾਲੀ ਗੱਲ ਹੈ । ਬਾਕੀ ਇਸ ਵਿਚ ਕੋਈ ਵਿਗਿਆਨਕ ਅਧਾਰ ਨਹੀਂ ਹੈ।

12. **ਘੋੜੀਆਂ ਵਿੱਚ**

1. ਘੋੜੀ ਭਰਾਉਣ ਉਪਰੰਤ ਕੰਨ ਵਿੱਚ ਪਾਣੀ ਪਾਉਣਾ
2. ਘੋੜੀ ਭਰਾਉਣ ਉਪਰੰਤ ਘੋੜੀ ਘੋੜੇ ਦਾ ਮੂੰਹ ਮਿਲਾਉਣਾ
3. ਭਰਾਉਣ ਉਪਰੰਤ ਸਰੋਂ ਦਾ ਤੇਲ ਦੇਣਾ

ਉਪਰੋਕਤ ਦੋ ਧਾਰਨਾਵਾਂ ਵਿੱਚ ਕੋਈ ਵਿਗਿਆਨਕ ਅਧਾਰ ਨਹੀ ਹੈ ਤੇ ਤੀਸਰੀ ਵਿੱਚ ਉਪਰ ਪਸ਼ੂਆਂ ਲਈ ਦਿੱਤਾ ਗਿਆ ਅਧਾਰ ਹੀ ਲਾਗੂ ਹੁੰਦਾ ਹੈ।

4. ਘੋੜੀ ਪਾਣੀ ਵਿੱਚ ਖੜੀ ਕਰਨੀ:- ਇਸ ਵਿੱਚ ਵੀ ਉਪਰੋਕਤ ਦਿੱਤਾ (ਪਸ਼ੂ ਤੇ ਪਾਣੀ ਪਾਉਣਾ) ਅਧਾਰ ਲਾਗੂ ਹੁੰਦਾ ਹੈ।

## 4. ਪਸ਼ੂ ਰਹਿੰਦੇ ਨਾ ਹੋਣ / ਵਾਰ ਵਾਰ ਫਿਰਨਾ

1. ਕਈ ਵਾਰ ਪਸ਼ੂ ਨਵੇਂ ਦੁੱਧ ਕਰਾਉਣ ਉਪਰੰਤ ਹਰ ਮਹੀਨੇ ਜਾਂ ਦੂਜੇ ਮਹੀਨੇ ਬੋਲ ਪੈਂਦਾ ਹੈ ਭਾਵ ਫਿਰ ਜਾਂਦਾ ਹੈ ਇਹੋ ਜਿਹੇ ਕੇਸਾਂ ਵਿੱਚ ਕੰਢੀ ਦੇ ਲੋਕ ਡੇਕ/ਨਿੰਮ ਦੀਆਂ ਨੰਮੋਲੀਆਂ ਉਬਾਲ ਕੇ ਫਿਰ ਉਹਨਾਂ ਨੂੰ ਮਸਲ ਦਿੰਦੇ ਹਨ। ਜਿਸ ਨਾਲ ਗਿੱਟਕਾਂ ਵੱਖ ਹੋ ਜਾਂਦੀਆਂ ਹਨ ਤੇ ਬਾਕੀ ਬਚਿਆ ਗੁੱਦਾ ਪਸ਼ੂ ਨੂੰ ਖੁਆ ਦਿੱਤਾ ਜਾਂਦਾ ਹੈ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਪਸ਼ੂ ਖੜ ਜਾਂਦੇ ਹਨ। ਨਿੰਮ ਵਿੱਚ ਕਈ ਤਰ੍ਹਾਂ ਦੇ ਔਸ਼ਧੀ ਗੁਣ ਪਾਏ ਜਾਂਦੇ ਹਨ ਜਿਵੇਂ ਕਿ ਜੀਵਾਣੂੰ ਨਾਸ਼ਕ, ਖੂਨ ਸਾਫ ਕਰਨਾ, ਬੀਮਾਰੀਆਂ ਠੀਕ ਕਰਨਾ, ਹੋ ਸਕਦਾ ਹੈ ਇਹਨਾਂ ਵਿੱਚ ਕੁੱਝ ਕਾਰਨਾਂ ਕਰਕੇ ਉਪਰੋਕਤ ਬੀਮਾਰੀ ਹੁੰਦੀ ਹੋਵੇ ਜੋ ਕਿ ਨਿੰਮ / ਡੇਕ ਦੀਆਂ ਨੰਮੋਲੀਆਂ ਖੁਆਉਣ ਨਾਲ ਠੀਕ ਹੋ ਜਾਂਦੀ ਹੋਵੇ ਪਰ ਅਜੇ ਇਸ ਉਤੇ ਖੋਜ ਹੋਣਾ ਬਾਕੀ ਹੈ ।

2. **ਟੋਭੇ ਦੀ ਮਿੱਟੀ ਖੁਆਉਣੀ :** ਕੁਝ ਪਸ਼ੂ ਪਾਲਕਾਂ ਵੱਲੋਂ ਟੋਭੇ (ਛੱਪੜ) ਦੀ ਮਿੱਟੀ ਦੀ ਇੱਕ ਮੁੱਠੀ ਵੀ ਇਸ ਬੀਮਾਰੀ ਵਿੱਚ ਖੁਆਈ ਜਾਂਦੀ ਹੈ ਪਰ ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਦਿੱਖਦਾ ਸਗੋਂ ਅਸੀਂ ਪਸ਼ੂ ਨੂੰ ਬੀਮਾਰੀ ਵੱਲ ਧਕੇਲ ਰਹੇ ਹੁੰਦੇ ਹਾਂ ਕਿਉਂਕਿ ਹੋ ਸਕਦਾ ਹੈ ਕਿ ਛੱਪੜ ਦੀ ਮਿੱਟੀ ਵਿੱਚ ਘੋਗਿਆਂ ਜਾਂ ਹੋਰ ਪਰਜੀਵੀਆਂ ਦੇ ਆਂਡੇ ਹੋਣ ਜੋ ਪਸ਼ੂ ਦੇ ਸਰੀਰ ਵਿੱਚ ਜਾ ਕੇ ਮਲੱਪਾਂ ਦਾ ਰੂਪ ਲੈ ਸਕਦੇ ਹਨ ।



Scanned by CamScanner

**3. ਠੰਡਾ ਟੀਕਾ ਲਗਾਉਣਾ:** ਨਵੇਂ ਦੁੱਧ ਕਰਾਉਣ ਪਿਛੋ ਪਸ਼ੂ ਪਾਲਕ ਆਪਣੇ ਪਸ਼ੂ ਨੂੰ ਇੱਕ ਠੰਡਾ ਟੀਕਾ (ਪਰੋਜੈਸਟਰੋਨ) ਲਗਵਾਇਆ ਜਾਂਦਾ ਹੈ ਉਹਨਾਂ ਦਾ ਮੰਨਣਾ ਹੈ ਬਈ ਇਸ ਨਾਲ ਪਸ਼ੂ ਟਿੱਕ ਜਾਵੇਗਾ ਤੇ ਫਿਰੇਗਾ ਨਹੀਂ ।

ਵਿਗਿਆਨਕ ਅੱਖ ਨਾਲ ਦੇਖੀਏ ਤਾਂ ਇਹ ਹਾਰਮੋਨ (ਪਰੋਜੈਸਟਰੋਨ) ਗੱਭਣ ਹੋਏ ਪਸ਼ੂ ਦੀ ਆਂਡੇਦਾਨੀ ਵਿੱਚ ਬਣਦਾ ਰਹਿੰਦਾ ਹੈ ਜਿਹੜਾ ਕਿ ਬੱਚੇਦਾਨੀ ਨੂੰ ਸ਼ੀਤ ਰੱਖਦਾ ਹੈ, ਪਸ਼ੂ ਦੁਬਾਰਾ ਨਹੀ ਬੋਲਦਾ ਤੇ ਕੱਟੜੂ-ਵੱਛੜੂ ਦਾ ਵਿਕਾਸ ਹੁੰਦਾ ਰਹਿੰਦਾ ਹੈ। ਜੇ ਇਹ ਟੀਕਾ ਨਾ ਵੀ ਲਗਾਇਆ ਜਾਵੇ ਤਾਂ ਗੱਭਣ ਪਸ਼ੂ ਗੱਭਣ ਹੀ ਰਹੇਗਾ । ਬਹੁਤ ਘੱਟ ਪਸ਼ੂਆ ਵਿੱਚ ਇਸ ਹਾਰਮੋਨ ਦੀ ਘਾਟ ਹੁੰਦੀ ਹੈ ਇਹਨਾਂ ਵਿੱਚ ਇਹ ਟੀਕਾ ਨਿਯਮ ਨਾਲ, ਵਜ਼ਨ ਮੁਤਾਬਿਕ ਲਗਦਾ ਹੈ ਪਰ ਇਸਦਾ ਫੈਸਲਾ ਇਕ ਮਾਹਿਰ ਹੀ ਕਰ ਸਕਦਾ ਹੈ।

**4. ਮਹਿੰਦੀ ਦੇਣਾ/ਮਲਣਾ :** ਕਈ ਵਾਰ ਪਸ਼ੂ ਪਾਲਕ ਆਪਣੇ ਪਸ਼ੂ ਨੂੰ ਆਸ ਕਰਾਉਣ ਪਿੱਛੋਂ ਮਹਿੰਦੀ ਦਿੰਦੇ ਹਨ ਜਾਂ ਪਿੰਡੇ ਤੇ ਮਲ ਦਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਮਹਿੰਦੀ ਦੀ ਤਸੀਰ ਠੰਡੀ ਹੁੰਦੀ ਹੈ ਤੇ ਇਸ ਨੂੰ ਖੁਆਉਣ ਨਾਲ ਜਾਂ ਮਲਣ ਨਾਲ ਪਸ਼ੂ ਦੁਬਾਰਾ ਹੇਹੇ ਵਿੱਚ ਨਹੀਂ ਆਵੇਗਾ।

**ਵਿਗਿਆਨਕ ਅਧਾਰ :** ਪਸ਼ੂ ਦਾ ਗੱਭਣ ਨਾ ਰਹਿਣਾ ਜਾ ਵਾਰ-ਵਾਰ ਫਿਰਨਾ ਕਈ ਕਾਰਨਾਂ ਜਿਵੇਂ ਕਿ ਖੁਰਾਕੀ ਤੱਤਾਂ ਦੀ ਘਾਟ, ਸਾਨ੍ਹ ਵਿੱਚ ਕੋਈ ਬੀਮਾਰੀ, ਵੀਰਜ ਵਿੱਚ ਸ਼ੁਕਰਾਣੂ ਨਾ ਹੋਣਾ ਜਾਂ ਪ੍ਰਜਨਣ ਅੰਗਾਂ ਵਿੱਚ ਕੋਈ ਨੁਕਸ, ਪਸ਼ੂ ਤੇ ਵਾਤਾਵਰਣੀ ਦਬਾਉ ਜਾ ਕੋਈ ਹੋਰ ਦਬਾਉ ਆਦਿ ਕਰਕੇ ਹੋ ਸਕਦਾ ਹੈ। ਮਹਿੰਦੀ ਖੁਆਉਣ ਨਾਲ ਇਸਦਾ ਕੋਈ ਸਬੰਧ ਨਹੀਂ ਹੈ ।

**5. ਨਾਸਾਂ ਵਿੱਚ ਸੀਮਨ ਪਾਉਣਾ :** ਕੁਝ ਪਸ਼ੂ ਪਾਲਕ ਪਸ਼ੂ ਨੂੰ ਆਸ ਕਰਾਉਣ ਪਿਛੋਂ (ਭਾਵੇਂ ਮਿਲਾਪ ਰਾਹੀ ਜਾਂ ਟੀਕੇ ਰਾਹੀ) ਪਸ਼ੂ ਦੀਆਂ ਨਾਸਾਂ ਵਿੱਚ ਸੀਮਨ/ਵੀਰਜ਼ ਪਾਉਂਦੇ ਹਨ ਇਹ ਰੀਤ ਮਾਲਵੇ ਇਲਾਕੇ ਵਿੱਚ ਪ੍ਰਚਲਿਤ ਹੈ ਉਹਨਾਂ ਦਾ ਮੰਨਣਾ ਹੈ ਬਈ ਇਸ ਨਾਲ ਪਸ਼ੂ ਠਹਿਰ ਜਾਵੇਗਾ ਇਸ ਲਈ ਉਹ ਡਾਕਟਰ ਜਾਂ ਬਣਾਉਟੀ ਗਰਭਦਾਨ ਵਾਲਾ ਟੀਕਾ ਭਰਣ ਵਾਲੇ ਕੋਲੋ ਸਪੈਸ਼ਲ ਇਸ ਕੰਮ ਲਈ ਵੀਰਜ਼ ਦਾ ਟੀਕਾ ਲੈ ਕੇ ਜਾਂਦੇ ਹਨ।

**ਵਿਗਿਆਨਕ ਅਧਾਰ :** ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ ਵੀਰਜ ਤੇ ਆਂਡੇ ਦਾ ਮੇਲ ਬੱਚੇਦਾਨੀ ਦੀਆਂ ਟਿਊਬਾਂ ਵਿੱਚ ਹੁੰਦਾ ਹੈ ਜਿਸ ਉਪਰੋਕਤ ਭਰੂਣ ਬਣਦਾ ਹੈ ਤੇ ਪਸ਼ੂ ਗੱਭ ਰਹਿੰਦਾ ਹੈ। ਵੀਰਜ ਨੂੰ ਨਾਸਾਂ ਵਿੱਚ ਪਾਉਣ ਨਾਲ ਪਸ਼ੂ ਦੇ ਰਹਿਣ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਰ ਇਸ ਨਾਲ ਹੱਥੂ ਨਮੋਨੀਆਂ ਹੋ ਸਕਦਾ ਹੈ।

**6. ਯੋਨੀ ਵਿੱਚ ਫੱਟਕੜੀ ਰੱਖਣਾ :** ਕੁਝ ਪਸ਼ੂ ਪਾਲਕ ਮਸਨੂਈ ਜਾਂ ਕੁਦਰਤੀ ਗਰਭਦਾਨ ਕਰਾਉਣ ਪਿਛੋਂ ਪਸ਼ੂ ਦੀ ਯੋਨੀ ਵਿੱਚ ਫੱਟਕੜੀ ਦਾ ਇੱਕ ਟੋਟਾ ਰੱਖ ਦਿੰਦੇ ਰੱਖਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਹ ਫੱਟਕੜੀ ਚੁਭਣ ਪੈਦਾ ਕਰਦੀ ਹੈ ਜਿਸ ਨਾਲ ਯੋਨੀ ਸੁੰਗੜ ਜਾਂਦੀ ਹੈ ਤਾਂ ਯੋਨੀ ਵਿੱਚ ਗਿਆ ਹੋਇਆ ਵੀਰਜ਼ ਵਾਪਿਸ ਨਹੀਂ ਆਉਂਦਾ । ਜਿਸ ਨਾਲ ਪਸ਼ੂ ਦੇ ਠਹਿਰਣ ਦੀ ਉਮੀਦ ਵੱਧ ਜਾਂਦੀ ਹੈ।

**ਵਿਗਿਆਨਕ ਅਧਾਰ :** ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ। ਸਗੋਂ ਕਈ ਵਾਰ ਯੋਨੀ ਵਿੱਚ ਫੱਟਕੜੀ ਨਾਲ ਜਾਂ ਉਸ ਨੂੰ ਰੱਖਣ ਵਾਲੇ ਹੱਥਾਂ ਨਾਲ ਲੱਗੇ ਜਰਾਂਸੀਮਾਂ/ਕੀਟਾਣੂਆਂ ਕਰਕੇ ਲਾਗ ਦੀ ਬੀਮਾਰੀ ਹੋ ਸਕਦੀ ਹੈ। ਬੱਚੇਦਾਨੀ ਵਿੱਚ ਪੀਕ ਭਰ ਸਕਦੀ ਅਤੇ ਸੋਜ਼ ਵੀ ਹੋ ਸਕਦੀ ਹੈ। ਸੋ ਇਸ ਨੂੰ ਕਦੀ ਵੀ ਨਾ ਅਪਣਾਓ।



Scanned by CamScanner

**7. ਯੋਨੀ ਵਿੱਚਲੀ ਗੰਢ ਭੰਨਣਾ :** ਕਈ ਇਲਾਕਿਆ ਵਿੱਚ ਜੇਕਰ ਪਸ਼ੂ ਨਾ ਠਹਿਰਦਾ ਹੋਵੇ ਤਾ ਪਸ਼ੂ ਦੀ ਯੋਨੀ ਵਿਚਲੀ ਗੰਢ ਭੰਨਣ ਦਾ ਰੀਵਾਜ਼ ਹੈ। ਪਸ਼ੂ ਪਾਲਕ ਅਨੁਸਾਰ ਪਸ਼ੂ ਦੀ ਯੋਨੀ ਤੇ ਬੱਚੇਦਾਨੀ ਵਿੱਚ ਇੱਕ ਗੰਢ ਹੁੰਦੀ ਹੈ ਜਿਸ ਦੀ ਵਜ੍ਹਾਂ ਨਾਲ ਵੀਰਜ ਅੱਗੇ ਨਹੀ ਜਾ ਸਕਦਾ। ਗੰਢ ਭੰਨਾਉਣ ਦੀ ਵਿਧੀ ਬਾਰੇ ਪੁਛਣ ਤੇ ਉਹ ਦੱਸਦੇ ਹਨ ਬਈ ਕਿਸੇ ਸਿਆਣੇ ਨੂੰ ਜਾਂ ਪਿੰਡ ਵਿਚਲੇ ਪਸ਼ੂਆਂ ਦੇ ਮਾਹਿਰ ਜਾਂ ਗੁੱਜਰ ਨੂੰ ਬੁਲਾਇਆ ਜਾਂਦਾ ਹੈ ਜੋ ਯੋਨੀ ਵਿੱਚ ਕੋਈ ਤਿੱਖੀ ਚੀਜ਼ ਜਾਂ ਬਲੇਡ ਪਾ ਕੇ ਗੰਢ ਨੂੰ ਭੰਨ ਦਿੰਦਾ ਹੈ। ਇਸ ਨਾਲ ਬੱਚੇਦਾਨੀ ਵਿੱਚੋ ਖੂਨ ਵੱਗਦਾ ਹੈ ਤੇ ਸਿਆਣਾ ਕਹਿੰਦਾ ਹੈ ਬਈ ਗੰਢ ਖੁਲ ਗਈ ਹੈ।

**ਵਿਗਿਆਨਕ ਅਧਾਰ :** ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ। ਇਸ ਵਿਧੀ ਨਾਲ ਯੋਨੀ ਵਿੱਚ ਇਨਫੈਂਕਸ਼ਨ ਹੋ ਸਕਦੀ ਹੈ। ਬੱਚੇਦਾਨੀ ਵਿੱਚ ਪੀਕ ਭਰ ਸਕਦੀ ਹੈ ਤੇ ਸੋਜ਼ ਵੀ ਹੋ ਸਕਦੀ ਹੈ। ਪਸ਼ੂ ਸਦਾ ਲਈ ਬਾਂਝ ਵੀ ਹੋ ਸਕਦਾ ਹੈ। ਇਸ ਤੋ ਇਲਾਵਾ ਇਹ ਬੇਜ਼ੁਬਾਨ ਪਸ਼ੂਆਂ ਨਾਲ ਜੁਲਮ ਵੀ ਹੈ, ਸੋ ਭੁੱਲ ਕੇ ਵੀ ਇਹ ਕੰਮ ਨਾ ਕਰੋ।

## 5. ਭਰ ਪੈਣਾ (Prolapse) - ਬੱਚੇਦਾਨੀ ਦਾ ਭਰ ਪੈਣਾ

**1. ਤਾਰਾਮੀਰਾ ਜਵੈਣ ਦਾ ਕਾੜ੍ਹਾ ਦੇਣਾ :**

**2. ਅਨਾਰ ਦੇ ਪੱਤੇ / ਛਿਲਕੇ ਖਆਉਣੇ :** ਇਸ ਤੇ ਹਜੇ ਖੋਜ਼ ਹੋਣਾ ਬਾਕੀ ਹੈ।

**3. ਪਸ਼ੂ ਦਾ ਪਿਛਲਾ ਹਿੱਸਾ ਉੱਪਰ ਕਰਨਾਂ :** ਇਸ ਨਾਲ ਬੱਚੇਦਾਨੀ ਬਾਹਰ ਨਹੀ ਆਵੇਗੀ ਪਰ ਪਿਛਲਾ ਹਿੱਸਾ ਸਿਰਫ 4-6 ਇੰਚ ਹੀ ਉੱਚਾ ਕਰੋ।

**4. ਬਘਿਆੜੀ ਪਾਉਣਾ :** ਜਿਹੜੇ ਪਸ਼ੂ ਵਿੱਚ ਲਗਾਤਾਰ ਭਾਰ ਪੈਦਾ ਹੋਵੇ ਉਸ ਵਿੱਚ ਬਘਿਆੜੀ ਲਾਉਣ ਦੀ ਸਿਫਾਰਿਸ਼ ਕੀਤੀ ਜਾਦੀ ਹੈ। ਰੱਸੀ ਨੂੰ ਸੂ ਵੱਲ ਜਿਆਦਾ ਟਾਈਟ ਨਾ ਕਰੋ ਤੇ 4 ਉਗਲਾਂ ਦੀ ਵਿੱਥ ਰੱਖੋ ਤਾ ਜੋ ਪਸ਼ੂ ਪਿਸ਼ਾਬ ਕਰ ਸਕੇ।

**5. ਦੇਸੀ ਤੇਲ ਦੇਣਾ :** ਤੇਲ ਬਾਰੇ ਪਹਿਲਾ ਦੱਸਿਆ ਜਾ ਚੁੱਕਾ ਹੈ।

**6. ਧੁੰਨੀ ਬੰਨਣੀ :** ਇਸ ਵਿੱਚ ਪਸ਼ੂ ਦਾ ਧੁੰਨਾ ਬੰਨ ਦਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਬੱਚੇਦਾਨੀ ਅੰਦਰ ਵੱਲ ਖਿੱਚੀ ਜਾਂਦੀ ਹੈ ਤੇ ਭਰ ਠੀਕ ਹੋ ਜਾਂਦਾ ਹੈ। ਪਰ ਇਸ ਵਿੱਚ ਕੋਈ ਵਿਗਿਆਨਕ ਅਧਾਰ ਹੈ।

**7. ਸਤਿਆਨਾਸੀ ਦੇਣਾ :** ਕੁਝ ਪਸ਼ੂ ਪਾਲਕ ਪਸ਼ੂ ਦੇ ਪਿੱਛਾ ਮਾਰਨ ਤੇ ਸਤਿਆਨਾਸੀ (ਲਗਭਗ ਇੱਕ ਪਾਇਆ) ਕੁੱਟ ਕੇ ਗੁੜ ਵਿੱਚ ਪਾਕੇ ਪਸ਼ੂ ਨੂੰ ਖੁਆਉਦੇ ਹਨ। ਕੁਝ ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਸ ਨਾਲ ਉਹਨਾਂ ਦੇ ਜਾਂਨਵਰ ਨੂੰ ਫਰਕ ਪਿਆ ਸੀ ਪਰ ਇਸ ਤੇ ਅਜੇ ਖੋਜ ਦੀ ਲੋੜ ਹੈ।

**8. ਸਮੁੰਦਰੀ ਝੱਗ ਦੇਣਾ :** ਕੁਝ ਇਲਾਕਿਆ ਵਿੱਚ ਭਰ ਪੈਣ ਤੇ ਪਸ਼ੂ ਨੂੰ ਸੰਮੁਦਰੀ ਝੱਗ ਦਿੱਤੀ ਜਾਦੀ ਹੈ। ਸੰਮੁਦਰੀ ਝੱਗ ਕੈਲਸ਼ੀਅਮ ਦਾ ਸਰੋਤ ਹੁੰਦੀ ਹੈ । ਕਈ ਵਾਰ ਕੈਲਸ਼ੀਅਮ ਦੀ ਘਾਟ ਨਾਲ ਮਾਸਪੇਸ਼ੀਆਂ ਢਿੱਲੀਆਂ ਪੈ ਜਾਂਦੀਆਂ ਹਨ ਤੇ ਭਰ ਵੀ ਹੋ ਸਕਦਾ ਹੈ ਸੋ ਅਜਿਹੇ ਕੇਸਾਂ ਵਿੱਚ ਸਮੁੰਦਰੀ ਝੱਗ ਕਾਫੀ ਕਾਰਗਰ ਸਿੱਧ ਹੁੰਦੀ ਹੈ ਕਿਉਕਿ ਕੈਲਸ਼ੀਅਮ ਮਾਸਪੇਸ਼ੀਆਂ ਦੇ ਸੁੰਗੜਣ ਵਿੱਚ ਮਦਦ ਕਰਕੇ ਭਰ ਪੈਣ ਤੋਂ ਰੋਕਦਾ ਹੈ।

**9. ਭਰ ਵਾਲੀ ਥਾਂ ਤੇ ਪਚ ਲਾਉਣੇ :** ਕਈ ਵਾਰ ਜਦੋਂ ਪਸ਼ੂ ਨੂੰ ਭਰ ਪੈਦਾ ਹੈ ਤਾਂ ਪਸ਼ੂ ਪਾਲਕ ਕਿਸੇ ਸਿਆਣੇ ਨੂੰ ਬੁਲਾ ਲੈਂਦੇ ਹਨ ਜੋ ਕਿ ਭਰ ਦੇ ਬਾਹਰਲੇ ਪਾਸੇ ਕਾਨਿਆਂ ਨਾਲ ਪਚ(ਛ) ਲਾ ਦਿੰਦਾ ਹੈ ਤੇ ਫਿਰ ਭਰ ਵਾਲੇ ਭਾਗ ਨੂੰ ਅੰਦਰ



Scanned by CamScanner

ਧਕੇਲ ਦਿੰਦਾ ਹੈ । ਪਸ਼ੂ ਤੇ ਬਘਿਆੜੀ ਆਦਿ ਪਾ ਕੇ ਪਿਛਲਾ ਹਿੱਸਾ ਉਚਾ ਰੱਖਿਆ ਜਾਂਦਾ ਹੈ । ਉਹਨਾਂ ਦਾ ਮੰਨਣਾ ਹੈ ਇਸ ਨਾਲ ਭਰ ਦੁਬਾਰਾ ਨਹੀਂ ਪਵੇਗਾ।

**ਵਿਗਿਆਨਕ ਅਧਾਰ :** ਬਾਹਰਲੇ ਪਾਸੇ ਪਚ ਲਾਉਣ ਨਾਲ ਜਖਮ ਹੋ ਜਾਂਦੇ ਹਨ ਜਿਹੜੇ ਅੰਦਰ ਜਾ ਕੇ ਨੇੜਲੀ ਚਮੜੀ ਨਾਲ ਜੁੜ ਜਾਂਦੇ ਹਨ । ਹੋ ਸਕਦਾ ਹੈ ਪਸ਼ੂ ਨੂੰ ਭਰ ਦੁਬਾਰਾ ਨਾ ਪਵੇ ਪਰ ਤੁਹਾਡੇ ਪਸ਼ੂ ਨੂੰ ਹੋਰ ਕਈ ਬੀਮਾਰੀਆਂ ਮਸਲਣ ਇੰਨਫੈਕਸ਼ਨ ਹੋਣਾ, ਜ਼ਹਿਰਬਾਦ ਹੋਣਾ, ਪ੍ਰਜਨਣ ਮੁਸ਼ਕਿਲਾਂ ਜ਼ਰੂਰ ਹੋ ਜਾਣਗੀਆਂ । ਇਹ ਭਰ ਦਾ ਸਹੀ ਇਲਾਜ ਨਹੀਂ ਹੈ ਕਿਉਂਕਿ ਇਕ ਬੀਮਾਰੀ ਨੂੰ ਠੀਕ ਕਰਨ ਬਦਲੇ ਕਈ ਹੋਰ ਬੀਮਾਰੀਆਂ ਨੂੰ ਸੱਦਾ ਦੇ ਰਹੇ ਹੁੰਦੇ ਹਾਂ ।

**10. ਵੇਸਨ ਪਾਣੀ ਵਿਚ ਘੋਲ ਕੇ ਪਿਲਾਉਣਾ :** ਕਈ ਪਸ਼ੂ ਪਾਲਕ ਭਰ ਵਾਲੇ ਪਸ਼ੂ ਨੂੰ ਵੇਸਨ (250 ਗ੍ਰਾਮ) ਪਾਣੀ ਵਿੱਚ ਘੋਲ ਕੇ ਪਿਲਾ ਦਿੰਦੇ ਹਨ । ਇਸ ਬਾਰੇ ਕੋਈ ਵਿਗਿਆਨ ਅਧਾਰ ਨਹੀਂ ਹੈ ।

**11. ਸ਼ਰਾਬ ਪਿਲਾਉਣਾ :** ਕੁਝ ਪਸ਼ੂ ਪਾਲਕ ਪਸ਼ੂ ਨੂੰ ਭਰ ਪੈਣ ਤੇ ਸ਼ਰਾਬ ਪਿਲਾਉਦੇ ਹਨ, ਇਸ ਵਿੱਚ ਕੋਈ ਅਧਾਰ ਨਹੀ ਹੈ।

**12. ਭਰ ਵਾਲੇ ਹਿੱਸੇ ਤੇ ਸ਼ਰਾਬ ਲਾਉਣੀ :** ਕਈ ਕਿਸਾਨ ਬਾਹਰ ਆਏ ਹੋਏ ਭਰ ਵਾਲੇ ਹਿੱਸੇ ਤੇ ਸ਼ਰਾਬ ਲਗਾਉਂਦੇ ਹਨ ਜਾਂ ਸ਼ਰਾਬ ਦਾ ਤੂੰਬਾ ਲਗਾ ਕੇ ਹਿੱਸੇ ਤੇ ਮਲਦੇ ਹਨ । ਉਨ੍ਹਾਂ ਦਾ ਮੰਨਣਾ ਹੈ ਕਿ ਸ਼ਰਾਬ ਲਗਾਉਣ ਤੋਂ ਬਾਅਦ ਜੇ ਇਹ ਹਿੱਸਾ ਬੱਚੇਦਾਨੀ ਅੰਦਰ ਚੱਲਿਆ ਜਾਵੇ ਤਾਂ ਫਿਰ ਇਹ ਹਿੱਸਾ ਬਾਹਰ ਨਹੀਂ ਆਉਂਦਾ ਅਤੇ ਭਰ ਠੀਕ ਹੋ ਜਾਂਦਾ ਹੈ ।

**ਵਿਗਿਆਨਕ ਅਧਾਰ :** ਸ਼ਰਾਬ ਇਕ ਕਿਰਮਨਾਸ਼ਕ ਹੈ ਅਤੇ ਇਸ ਨਾਲ ਕਿਰਮਾਂ ਦਾ ਖਾਤਮਾ ਹੋ ਸਕਦਾ ਹੈ । ਪਰ ਯਾਦ ਰੱਖੋ ਕਿ ਬੱਚੇਦਾਨੀ ਇਕ ਬਹੁਤ ਹੀ ਨਾਜ਼ੁਕ ਅੰਗ ਹੈ ਅਤੇ ਇਸ ਉਪਰ ਕੋਈ ਹਲਕੀ ਕਿਰਮਨਾਸ਼ਕ ਦਵਾਈ ਜਿਵੇਂ ਕਿ ਹਲਕੀ ਲਾਲ ਦਵਾਈ ਆਦਿ ਨਾਲ ਕਿਰਮਾਂ ਦਾ ਨਾਸ਼ ਹੋ ਸਕਦਾ ਹੈ । ਜਦੋਂ ਭਰ ਪੈਂਦਾ ਹੈ ਤਾਂ ਬੱਚੇਦਾਨੀ ਬਾਹਰ ਆਉਣ ਨਾਲ ਮਿੱਟੀ ਲੱਗ ਕੇ ਗੰਦੀ ਹੋ ਜਾਂਦੀ ਹੈ ਅਤੇ ਕਿਰਮ ਲੱਗ ਜਾਂਦੇ ਹਨ । ਸੋ ਜਦੋਂ ਤੱਕ ਬੱਚੇਦਾਨੀ ਉਪਰ ਕਿਰਮ ਹੋਣਗੇ ਤਾਂ ਪਸ਼ੂ ਜ਼ੋਰ ਲਗਾਉਂਦਾ ਰਹੇਗਾ ਅਤੇ ਭਰ ਠੀਕ ਨਹੀਂ ਹੋਵੇਗਾ । ਇਸ ਲਈ ਭਰ ਵਾਲੇ ਹਿੱਸੇ ਨੂੰ ਕਿਰਮ ਰਹਿਤ ਕਰਨਾ ਜ਼ਰੂਰੀ ਹੈ ਅਤੇ ਇਸ ਲਈ ਹਲਕੀ ਲਾਲ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ ਨਾ ਕਿ ਸ਼ਰਾਬ ਦੀ ।

☛ ਨੋਟ : ਹਰੇਕ ਪਸ਼ੂ ਨੂੰ ਉਸਦੀ ਲੋੜ ਮੁਤਾਬਿਕ ਸੰਤੁਲਿਤ ਖੁਰਾਕ ਦਿਉ। ਕਿਉਂਕਿ ਜੇ ਵਧੀਆ ਤੇ ਸੰਤੁਲਿਤ ਖੁਰਾਕ ਦੇਵਾਂਗੇ ਤਾਂ ਪਸ਼ੂ ਨੂੰ ਵੇਸੇ ਹੀ ਛੇਤੀ ਕੀਤੇ ਕੋਈ ਬੀਮਾਰੀ ਨਹੀਂ ਲਗਦੀ। ਬਾਅਦ ਵਿੱਚ ਦਵਾਈਆਂ ਤੇ ਟੋਟਕਿਆਂ ਤੇ ਖਰਚਾ ਕਰਨ ਨਾਲੇ ਇਹ ਕਿਤੇ ਜਿਆਦਾ ਫਾਈਦੇਮੰਦ ਹੋਵੇਗਾ।



Scanned by CamScanner

# 2. ਥਣਾਂ ਸਬੰਧੀ ਟੋਟਕੇ

## 6. ਥਣਾਂ ਦੀ ਬੀਮਾਰੀ/ਲੇਵੇ ਦੀ ਸੋਜ

**1. ਸਰੋਂ ਤ ਤੇਲ ਨਾਲ ਹਵਾਨੇ ਦੀ ਮਾਲਿਸ਼ ਕਰਨਾਂ :** ਥਣਾਂ ਦੀ ਬੀਮਾਰੀ ਹੋਣ ਦੀ ਸੂਰਤ ਵਿੱਚ ਪਸ਼ੂ ਪਾਲਕਾਂ ਦੁਆਰਾ ਥੋੜਾ ਜਿਹਾਂ ਸਰੋਂ ਦਾ ਤੇਲ (ਕੌੜਾਂ ਤੇਲ) ਗਰਮ ਪਾਣੀ ਵਿੱਚ ਪਾ ਲਿਆ ਜਾਂਦਾ ਹੈ ਤੇ ਇਸ ਘੋਲ ਦੀ ਹਵਾਨੇ ਤੇ ਮਾਲਿਸ਼ ਕੀਤੀ ਜਾਂਦੀ ਹੈ।

**ਵਿਗਿਆਨਕ ਅਧਾਰ :** ਸਰੋਂ ਦੇ ਤੇਲ ਵਿੱਚ ਸੋਜ ਨੂੰ ਘਟਾਉਣ ਦੇ ਗੁਣ ਪਏ ਜਾਂਦੇ ਹਨ ਅਤੇ ਇਹ ਖੂਨ ਦੇ ਦੌਰੇ ਨੂੰ ਵਧਾ ਕੇ ਜ਼ਖਮਾਂ ਦੇ ਜਲਦੀ ਠੀਕ ਹੋਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਸਰੋਂ ਦਾ ਤੇਲ ਰੋਗਾਣੂ ਨਾਸ਼ਕ ਵੀ ਹੁੰਦਾ ਹੈ।

**2. ਹਲਦੀ ਅਤੇ ਸਰੋਂ ਦੇ ਤੇਲ ਦੀ ਪੇਸਟ ਨਾਲ ਹਵਾਨੇ ਦੀ ਮਾਲਿਸ਼ ਕਰਨਾ :** ਪੀਸੀ ਹੋਈ ਹਲਦੀ ਨੂੰ ਸਰੋਂ ਦੇ ਤੇਲ ਵਿੱਚ ਮਿਲਾ ਕੇ ਪੇਸਟ ਬਣਾ ਲਿਆ ਜਾਂਦਾ ਹੈ ਤੇ ਸੋਜ ਹੋਣ ਦੀ ਸੂਰਤ ਵਿੱਚ ਹਵਾਨੇ ਤੇ ਇਸਦੀ ਮਾਲਿਸ਼ ਕੀਤੀ ਜਾਂਦੀ ਹੈ।

**ਵਿਗਿਆਨਕ ਅਧਾਰ :** ਹਲਦੀ ਵਿੱਚ ਰੋਗਾਣੂ ਨਾਸ਼ਕ ਗੁਣ ਹੋਣ ਦੇ ਨਾਲ ਨਾਲ ਸੋਜ ਘੱਟ ਕਰਨ ਦੀ ਵੀ ਸ਼ਕਤੀ ਹੁੰਦੀ ਹੈ ਇਸੇ ਤਰ੍ਹਾਂ ਸਰੋ ਦੇ ਤੇਲ ਵਿੱਚ ਵੀ ਸੋਜ ਨੂੰ ਘੱਟ ਕਰਨ ਦੀ ਸ਼ਕਤੀ ਹੁੰਦੀ ਹੈ ਸੋ ਇਹਨਾਂ ਦਾ ਪੇਸਟ ਹਵਾਨੇ ਦੀ ਸੋਜ਼ ਨੂੰ ਹਟਾਉਦਾ ਹੈ ਜ਼ਖਮਾਂ ਨੂੰ ਠੀਕ ਕਰਦਾ ਹੈ ਤੇ ਰੋਗਾਣੂਆਂ ਨੂੰ ਨਸ਼ਟ ਕਰਦਾ ਹੈ।

**3. ਨਿੰਬੂ ਦਾ ਸਤ /ਟਾਟਰੀ ਜਾ ਨਿੰਬੂ ਖੁਆਉਣੇ :** ਹਵਾਨੇ ਦੀ ਸੋਜ ਹੋਣ ਦੀ ਸੂਰਤ ਵਿੱਚ ਗਲਗਲ/ਨਿੰਬੂ ਦਾ ਸਤ/ ਟਾਟਰੀ ਨੂੰ ਖੰਡ ਜਾ ਗੁੜ ਪਾ ਕੇ ਪਿਲਾ ਦਿੱਤਾ ਜਾਂਦਾ ਹੈ। ਇਸ ਨਾਲ ਕਾਫੀ ਅੱਛੇ ਨਤੀਜੇ ਸਾਹਮਣੇ ਆਏ ਹਨ। ਕਈ ਵਾਰ ਸਿੱਧੇ ਨਿੰਬੂ ਵੀ ਖਿਲਾ ਦਿੱਤੇ ਜਾਂਦੇ ਹਨ।

**ਵਿਗਿਆਨਕ ਅਧਾਰ :** ਨਿੰਬੂ ਦਾ ਸਤ ਜਾ ਜੂਸ ਪਿਲਾਉਣ ਨਾਲ ਖੂਨ ਦਾ ਤੇਜ਼ਾਬੀ ਅੰਸ਼ (pH) ਬਦਲ ਜਾਂਦਾ ਹੈ ਜਿਸ ਨਾਲ ਹਵਾਨੇ ਵਿੱਚ ਮੌਜੂਦ ਰੋਗਾਣੂ ਮਰ ਜਾਂਦੇ ਹਨ ਕਿਉਂਕਿ ਇਹ ਖੂਨ ਹਵਾਨੇ ਵਿੱਚ ਜਾਂਦਾ ਹੈ ਤੇ ਬੀਮਾਰੀਆਂ ਨਾਲ ਲੜਦਾ ਹੈ। ਗੁੜ-ਖੰਡ ਊਰਜਾ ਦਾ ਸਰੋਤ ਹੁੰਦੇ ਹਨ।

**4. ਕਾਲੀ ਮਿਰਚ, ਗਲੋ ਅਤੇ ਗੁੜ ਖੁਆਉਣਾ :** ਕਾਲੀ ਮਿਰਚ ਨੂੰ ਪੀਸ ਕੇ ਉਸ ਵਿੱਚ ਗਲੋ ਮਿਲਾ ਕੇ - ਗੁੜ ਵਿੱਚ ਪਾ ਕੇ ਜਾਨਵਰ ਨੂੰ ਖੁਆ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਇਹ ਟੋਟਕਾ ਮਾਝੇ ਇਲਾਕੇ ਵਿੱਚ ਕਾਫੀ ਪ੍ਰਚਲਤ ਹੈ।

**ਵਿਗਿਆਨਕ ਅਧਾਰ :** ਗਲੋ ਅਤੇ ਕਾਲੀ ਮਿਰਚ ਵਿੱਚ ਸੋਜ ਹਟਾਉਣ ਦੇ ਗੁਣ ਹੁੰਦੇ ਹਨ ਇਸ ਲਈ ਇਹਨਾਂ ਦਾ ਮਿਸ਼ਰਨ ਲੇਵੇ ਦੀ ਸੋਜ ਵਿੱਚ ਕਾਫੀ ਮਹਾਈ ਸਿੱਧ ਹੋ ਸਕਦਾ ਹੈ।

**5. ਲਸਣ ਖਿਲਾਉਣਾ :** ਕੁੱਝ ਪਸ਼ੂ ਪਾਲਕਾਂ ਦੁਆਰਾ ਆਪਣੇ ਪਸ਼ੂਆਂ ਨੂੰ ਸਮੇਂ ਸਮੇਂ ਸਿਰ ਲਸਣ ਖੁਆਇਆ ਜਾਂਦਾ ਹੈ ਇਹ ਮੰਨਿਆ ਜਾਂਦਾ ਹੈ ਕਿ ਇਹ ਲੇਵੇ ਦੀ ਸੋਜ ਹੋਣ ਤੋਂ ਰੋਕਦਾ ਹੈ। ਲੇਵੇ ਦੀ ਸੋਜ ਹੋਣ ਦੀ ਸੂਰਤ ਵਿੱਚ ਇਹ ਖੁਆਇਆਂ ਜਾਂਦਾ ਹੈ।



Scanned by CamScanner

**ਵਿਗਿਆਨਕ ਅਧਾਰ :** ਲਸਣ ਵਿੱਚ ਜੀਵਾਣੂ ਨਾਸ਼ਕ, ਕੀਟਾਣੂ ਨਾਸ਼ਕ, ਰੋਗਾਣੂ ਨਾਸ਼ਕ ਗੁਣ ਹੁੰਦੇ ਹਨ ਜਿਸ ਨਾਲ ਇਹ ਲੇਵੇ ਦੀ ਸੋਜ ਨੂੰ ਠੀਕ ਕਰਨ ਵਿੱਚ ਮੱਦਦਗਾਰ ਸਾਬਿਤ ਹੋ ਸਕਦਾ ਹੈ।

**6. ਥਣ ਦੀ ਮੋਰੀ (ਬੁਬਨੀ) ਵਿੱਚ ਲੋਂਗ ਫਸਾ ਦੇਣਾ :** ਕਈ ਵਾਰ ਪਸ਼ੂ ਪਾਲਕ ਲੇਵੇ ਦੀ ਸੋਜ ਜਾ ਥਣ ਦੀ ਸੋਜ਼ ਹੋਣ ਤੇ ਥਣ ਦੀ ਮੋਰੀ ਵਿੱਚ ਲੋਂਗ ਫਸਾ ਦਿੰਦੇ ਹਨ ਬਈ ਇਸ ਨਾਲ ਥਣ ਮਰੂਗਾ ਨਹੀਂ। ਕਈ ਵਾਰ ਲੋਂਗ ਦੀ ਜਗ੍ਹਾਂ ਸੁਰਮਚੂ ਜਾਂ ਕਬੂਤਰ ਦੇ ਖੰਭ ਦਾ ਪਿਛਲਾ ਪਾਸਾ ਵੀ ਥਣ ਵਿੱਚ ਮਾਰਿਆ ਜਾਂਦਾ ਹੈ ।

**ਵਿਗਿਆਨਕ ਅਧਾਰ :** ਲੋਂਗ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਹਨ ਤੇ ਦੂਜਾ ਜਦੋਂ ਥਣ ਦੀ ਮੋਰੀ ਵਿੱਚ ਪਾ ਦਿੱਤਾ ਜਾਂਦਾ ਹੈ ਤਾਂ ਇਹ ਥਣ ਦੀ ਮੋਰੀ ਨੂੰ ਸੋਜ ਕਰਕੇ ਬੰਦ ਹੋਣ ਤੋਂ ਬਚਾਉਦਾ ਹੈ। ਪਰ ਇਹ ਪੱਕਾ ਇਲਾਜ ਨਹੀਂ ਹੁੰਦਾ ਥਣ ਦੀ ਸੋਜ ਹੋਣ ਦੀ ਸੂਰਤ ਵਿੱਚ ਤੁਰੰਤ ਮਾਹਿਰ ਦੀ ਸਲਾਹ ਲਵੋਂ ਨਹੀਂ ਤਾਂ ਥਣ ਬੰਦ ਹੋ ਸਕਦਾ ਹੈ। ਮਾਹਿਰ ਥਣ ਵਿੱਚ ਇੱਕ ਔਜ਼ਾਰ ਪਾ ਕੇ ਮੋਰੀ ਨੂੰ ਖੋਲ ਦਿੰਦਾ ਹੈ।

**7. ਮੱਕੀ ਦੇ ਸੂਤ (ਵਾਲ) ਦੀ ਰਾਖ ਦੇਸੀ ਤੇਲ ਵਿੱਚ ਮਿਲਾ ਕੇ ਲਾਉਣਾ :-** ਇਹ ਟੋਟਕਾ ਕੰਢੀ ਇਲਾਕੇ ਵਿੱਚ ਅਪਣਾਇਆ ਜਾਂਦਾ ਹੈ। ਇਸ ਵਿੱਚ ਪੱਕੀ ਹੋਈ ਮੱਕੀ ਦੀ ਛੱਲੀ ਦੇ ਵਾਲਾਂ (ਸੂਤ ਵੀ ਕਹਿੰਦੇ ਹਨ) ਨੂੰ ਤਵੇ ਤੇ ਰੱਖ ਕੇ ਸਾੜ ਲਿਆ ਜਾਂਦਾ ਹੈ। ਇਸ ਉਪਰੰਤ ਬਣੀ ਰਾਖ ਨੂੰ ਦੇਸੀ ਤੇਲ (ਸਰੋਂ ਦਾ ਤੇਲ) ਵਿੱਚ ਮਿਲਾ ਕੇ ਥਣਾਂ ਤੇ ਲਗਾਇਆ ਜਾਂਦਾ ਹੈ। ਇਹ ਚੋਣ ਪਿੱਛੋਂ ਲਗਾਇਆ ਜਾਂਦਾ ਹੈ। ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਸ ਨਾਲ ਥਣ ਤੇ ਹੋਈਆਂ ਵਿਆਈਆਂ ਠੀਕ ਹੋ ਜਾਂਦੀਆਂ ਹਨ।

**ਵਿਗਿਆਨਕ ਅਧਾਰ :** ਰਾਖ ਵਿੱਚ ਆਕਾਰਬਿਨਕ ਅੰਸ਼ ਹੁੰਦਾ ਹੈ ਜਿਸ ਵਿੱਚ ਧਾਤਾਂ ਹੁੰਦੀਆਂ ਹਨ। ਇਹ ਧਾਤਾਂ ਚਮੜੀ ਨੂੰ ਦਰੁਸਤ ਰੱਖਦੀਆਂ ਹਨ। ਉਪਰੋਕਤ ਟੋਟਕੇ ਵਿੱਚ ਇਹ ਕਾਰਨ ਹੋ ਸਕਦਾ ਹੈ। ਪਰ ਥਣਾਂ ਦਾ ਸਵਾਲ ਹੈ ਜੇ ਥਣ ਮਰ ਗਿਆ ਤਾਂ ਪਸ਼ੂ ਦੀ ਕੀਮਤ ਅੱਧੀ ਰਹਿ ਜਾਉਗੀ ਜਿਹੜਾ ਦੁੱਧ ਘੱਟੂਗਾ ਉਹ ਵੱਖਰਾ, ਸੋ ਮਾਹਿਰ ਡਾਕਟਰ ਤੋਂ ਇਲਾਜ ਕਰਵਾਉ ।

**8. ਕਾਲੀ ਜੀਰੀ ਦਾ ਕਾੜ੍ਹਾ ਦੇਣਾ :** ਇਹ ਨੁਕਤਾ ਕੰਢੀ ਇਲਾਕੇ ਵਿੱਚ ਪ੍ਰਚਲਿਤ ਹੈ ਇਸ ਵਿੱਚ ਪਸ਼ੂ ਪਾਲਕ ਕਾਲੀ ਜੀਰੀ, ਗੁੜ ਜਵੈਨ ਆਦਿ ਦਾ ਕਾੜ੍ਹਾ ਬਣਾ ਕੇ ਪਸ਼ੂ ਨੂੰ ਦਿੰਦੇ ਹਨ ਉਹਨਾਂ ਦਾ ਮੰਨਣਾ ਇਸ ਨਾਲ ਥਣਾਂ ਦੀ ਬੀਮਾਰੀ/ਸੋਜ ਆਦਿ ਠੀਕ ਹੋ ਜਾਵੇਗੀ ।

**9. ਅੱਕ ਦੇਣਾ:-** ਕਈ ਵਾਰ ਥਣਾਂ ਤੇ ਹਵਾਨੇ ਤੇ ਸੋਜ਼ ਆਉਣ ਤੇ ਪਸ਼ੂ ਪਾਲਕ 15-20 ਅੱਕ (calotrops) ਦੀਆਂ ਕਰੂੰਬਲਾਂ ਖਾਣ ਲਈ ਦਿੰਦੇ ਹਨ ਉਹਨਾਂ ਅਨੁਸਾਰ ਥਣਾਂ ਤੇ ਹਵਾਨੇ ਦੀ ਸੋਜ਼ ਇੱਕ ਤਰਾਂ ਦਾ ਜ਼ਹਿਰਵਾਦ ਹੁੰਦਾ ਹੈ ਤੇ ਅੱਕ ਵਿੱਚ ਜ਼ਹਿਰ ਹੋਣ ਕਰਕੇ ਉਹਨਾਂ ਦਾ ਸੋਚਣਾ ਹੈ ਕਿ ਜ਼ਹਿਰ ਨੂੰ ਜ਼ਹਿਰ ਕੱਟਦਾ ਹੈ। ਇਸ ਬਾਰੇ ਖੋਜ ਦੀ ਲੋੜ ਹੈ

**10.** ਇਕ ਹੋਰ ਨੁਕਤੇ ਅਨੁਸਾਰ 100 ਗ੍ਰਾਮ ਮਿੱਠਾ ਸੋਡਾ, 100 ਗ੍ਰਾਮ ਨਿੰਬੂ ਦਾ ਸਤ, 100 ਗ੍ਰਾਮ ਜੌਂ ਖਾਰ, ਇਕ ਛਟਾਂਕ ਕਾਲੀ ਮਿਰਚ, ਪਾਈਆ ਦੇਸੀ ਘਿਓ, 1 ਕਿਲੋ ਰਾਬ ਖੰਡ ਤੇ 100 ਗ੍ਰਾਮ ਕਲਮੀ ਸ਼ੋਰਾ ਲੈ ਕੇ ਸਾਰਿਆ ਨੂੰ ਰਲਾ ਲਿਆ ਜਾਂਦਾ ਹੈ ਤੇ ਉਪਰੋਕਤ ਬਣੀ ਦਵਾਈ ਦੇ ਦੋ ਡੰਗ ਬਣਾ ਕੇ ਪਸ਼ੂ ਨੂੰ ਦਿਤੇ ਜਾਂਦੇ ਹਨ। ਪਸ਼ੂ ਪਾਲਕ ਦੇ ਦੱਸਣ ਅਨੁਸਾਰ ਇਕ ਨੁਕਤਾ ਬੜਾ ਹੀ ਕਾਰਗਰ ਹੈ।



Scanned by CamScanner

**ਵਿਗਿਆਨਕ ਆਧਾਰ :** ਸਾਇੰਸ ਦੀ ਅੱਖ ਨਾਲ ਦੇਖੀਏ ਤਾਂ ਉਪਰੋਕਤ ਟੋਟਕਾ ਪਸ਼ੂ ਦੇ ਸਰੀਰ ਵਿੱਚ ਜਮਾਂ ਤੇ ਘਟਾਉ ਨਿਸ਼ਾਨ ਵਾਲੀਆਂ ਖਣਿਜਾਂ ਦੇ ਸੰਤੁਲਿਨ ਨੂੰ ਬਰਕਰਾਰ ਰੱਖਦਾ ਹੈ। ਨਿੰਬੂ ਦਾ ਸਤ pH ਨੂੰ ਤਬਦੀਲ ਕਰਕੇ ਰੋਗਾਣੂਆਂ ਦੇ ਵਾਧੇ ਨੂੰ ਰੋਕਦਾ ਹੈ। ਕਾਲੀ ਮਿਰਚ ਵਿੱਚ ਰੋਗਾਣੂ ਰੋਧਕ ਗੁਣ ਹੁੰਦੇ ਹਨ ।

**11.** ਕਾਲੀਆਂ ਮਿਰਚਾਂ, ਨਿਸ਼ਾਦਰ ਤੇ ਪਾਕਸਤਾਨੀ ਲੂਣ ਲੈ ਕੇ ਉਨ੍ਹਾਂ ਨੂੰ ਮਿਲਾ ਕੇ ਪਸ਼ੂ ਨੂੰ ਖੁਆਇਆ ਜਾਂਦਾ ਹੈ। ਮਾਝੇ ਇਲਾਕੇ ਇਹ ਦੇਖਿਆ ਗਿਆ ਹੈ ਕਿ ਕਾਲੀਆਂ-ਭੂਰੀਆਂ ਮਿਰਚਾਂ ਥਨੈਲਾ ਰੋਗ ਵਿਚ ਕਾਫੀ ਖੁਆਈਆਂ ਜਾਂਦੀਆਂ ਹਨ। ਨਿਸ਼ਾਦਰ ਖੂਨ ਵਿਚਲੀ pH ਨੂੰ ਬਦਲ ਕੇ ਰੋਗਾਣੂਆਂ ਨੂੰ ਮਾਰਨ ਵਿਚ ਮਦਦ ਕਰਦਾ ਹੈ । ਉਪਰੋਕਤ ਮਿਸ਼ਰਣ ਖੁਆਉਣ ਤੋਂ ਬਾਅਦ ਹਵਾਨੇ ਤੇ ਸਰੋਂ ਦਾ ਤੇਲ ਮਲਿਆ ਜਾਂਦਾ ਹੈ ।

**12.** ਇੱਕ ਹੋਰ ਟੋਟਕੇ ਵਿੱਚ ਥਣਾਂ ਤੇ ਹਵਾਨੇ ਉਤੇ ਤੇਲ ਦੀ ਮਾਲਿਸ਼ ਕਰਕੇ ਉਸ ਦੇ ਕੈਂਹ (brass) ਦੇ ਭਾਂਡੇ ਦੀ ਮਾਲਿਸ਼ ਕੀਤੀ ਹੈ ਜਦੋਂ ਤੱਕ ਹਵਾਨੇ ਵਿਚੋਂ ਸੇਕ ਨਾ ਨਿਕਲਣ ਲੱਗ ਪਏ । ਹੋ ਸਕਦਾ ਹੈ ਅਜਿਹਾ ਕਰਨ ਨਾਲ ਕਹਿ ਵਿਚਲੀਆਂ ਧਾਤਾਂ ਜਜ਼ਬ ਹੋ ਜਾਂਦੀਆਂ ਹੋਵੇ ਜੋ ਥਣਾਂ ਦੀ ਚਮੜੀ ਨੂੰ ਠੀਕ ਰੱਖਣ ਵਿਚ ਮਦਦ ਕਰਦੀਆਂ ਹੋਵੇ ਪਰ ਇਸ ਤੇ ਹਜ਼ੇ ਖੋਜ ਹੋਣਾ ਬਾਕੀ ਹੈ ।

**13. ਪਸ਼ੂ ਨੂੰ ਨਹਾਉਣ ਦਾ ਸਾਬਣ ਖੁਆਉਣਾ :** ਕੁਝ ਪਸ਼ੂ ਪਾਲਕ ਥਣਾਂ ਦਾ ਰੋਗ ਹੋਣ ਤੇ ਨੁਹਾਉਣ ਦਾ ਸਾਬਣ ਖਾਸ ਕਰ ਕੇ ਲਾਈਫ ਬੁਆਏ ਖੁਆਉਂਦੇ ਹਨ । ਉਹਨਾਂ ਦਾ ਮੰਨਣਾ ਸੀ ਬਈ ਇਸ ਨਾਲ ਹਵਾਨੇ ਦਾ ਅੰਦਰ ਧੋਤਾ ਜਾਉ ਤੇ ਸਾਰੀ ਬੀਮਾਰੀ ਜਾਂਦੀ ਰਹੂਗੀ।

**ਵਿਗਿਆਨਕ ਅਧਾਰ :** ਪਸ਼ੂ ਨੂੰ ਜੋ ਵੀ ਚੀਜ ਖੁਆਈ ਜਾਂਦੀ ਹੈ ਉਹ ਸਿੱਧੀ ਕਦੇ ਵੀ ਹਵਾਨੇ ਤੱਕ ਨਹੀਂ ਪਹੁੰਚਦੀ, ਰਾਸਤੇ ਵਿਚ ਹੀ ਛੋਟੇ- ਭਾਗਾਂ ਵਿਚ ਟੁੱਟ ਜਾਂਦੀ ਹੈ । ਸੋ ਉਪਰੋਕਤ ਟੋਟਕੇ ਵਿਚ ਹੀ ਕੋਈ ਅਧਾਰ ਨਹੀਂ ਹੈ ।

**14. ਹਵਾਨੇ ਤੇ ਫਟਕੜੀ ਦਾ ਘੋਲ ਛਿੜਕਣਾ :** ਕੁਝ ਪਸ਼ੂ ਪਾਲਕ ਹਵਾਨੇ ਦੀ ਸੋਜ ਹੋਣ ਦੀ ਸੂਰਤ ਵਿੱਚ ਹਵਾਨੇ ਤੇ ਫਟਕੜੀ ਨੂੰ ਪਾਣੀ ਵਿੱਚ ਘੋਲ ਕੇ ਛਿੜਕਦੇ ਹਨ। ਫਟਕੜੀ ਵਿੱਚ ਸੋਜ ਘਟਾਉਣ ਦੇ ਗੁਣ ਪਾਏ ਜਾਂਦੇ ਹਨ।

**15. ਸਿਉਂਕ ਵਾਲੀ ਮਿੱਟੀ ਉਬਾਲ ਕੇ ਦੇਣਾ :** ਕੁਝ ਪਸ਼ੂ ਪਾਲਕ ਥਣਾਂ ਦਾ ਰੋਗ ਹੋਣ ਦੀ ਸੂਰਤ ਵਿੱਚ ਵਿੱਚ ਸਿਉਂਕ ਵਾਲੀ ਮਿੱਟੀ ਉਬਾਲ ਕੇ ਦਿੰਦੇ ਹਨ

ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀ ਹੈ।

☛ **ਨੋਟ : ਸਾਫ ਸੁਥਰੇ ਵਾਤਾਵਰਣ ਵਿੱਚ ਸੁਥਰੇ ਹੱਥਾਂ ਨਾਲ ਸਾਫ ਸੁਥਰੇ ਭਾਂਡਿਆਂ ਵਿੱਚ ਸਹੀ ਤਰੀਕੇ ਨਾਲ ਕੀਤੀ ਚੁਆਈ ਪਸ਼ੂ ਨੂੰ ਥਣਾਂ ਦੇ ਰੋਗਾਂ ਤੋਂ ਬਚਾਉਂਦੀ ਹੈ। ਇਸ ਦੇ ਨਾਲ-ਨਾਲ ਪਸ਼ੂ ਨੂੰ ਸੰਤੁਲਿਤ ਖੁਰਾਕ ਦਿਓ। ਦੁੱਧ ਚੋਣ ਉਪਰੰਤ ਪਸ਼ੂ ਨੂੰ ਅੱਧਾ ਘੰਟਾ ਖੜ੍ਹਾ ਰੱਖਣ ਦੀ ਕੋਸ਼ਿਸ਼ ਕਰੋ ਇਸ ਲਈ ਪਸ਼ੂ ਨੂੰ ਦਾਣਾ ਦੁੱਧ ਚੋਣ ਉਪਰੰਤ ਦਿਉ ਜਾਂ ਥੋੜ੍ਹਾ ਦੁੱਧ ਚੋਣ ਵੇਲੇ ਤੇ ਬਾਕੀ ਬਾਅਦ ਵਿੱਚ ਦਿਉ।**



Scanned by CamScanner

# 3. ਮੂੰਹ ਖੁਰ ਰੋਗ ਸਬੰਧੀ

## 7. ਮੂੰਹ ਖੁਰ ਦਾ ਰੋਗ

**1. ਫੱਟਕੜੀ ਨਾਲ ਪਸ਼ੂ ਦੇ ਖੁਰ ਧੋਣੇ :** ਮੂੰਹ ਖੁਰ ਹੋਣ ਦੀ ਸੂਰਤ ਵਿਚ ਪਸ਼ੂ ਪਾਲਕ ਫੱਟਕੜੀ ਨੂੰ ਪਾਣੀ ਵਿਚ ਘੋਲ ਕੇ ਉਸ ਨਾਲ ਪਸ਼ੂ ਦੇ ਖੁਰ ਧੋਂਦੇ ਹਨ।

**ਵਿਗਿਆਨਕ ਅਧਾਰ :** ਫੱਟਕੜੀ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਤੇ ਇਹ ਲਾਗ ਨੂੰ ਅੱਗੇ ਵੱਧਣ ਤੋਂ ਰੋਕਦੀ ਹੈ ਇਸਦੇ ਨਾਲ-ਨਾਲ ਸੋਜ ਨੂੰ ਵੀ ਘੱਟ ਕਰਦੀ ਹੈ।

**2. ਮੂੰਹ-ਖੁਰ ਹੋਏ ਪਸ਼ੂ ਨੂੰ ਗਰਮ ਰੇਤ ਜਾ ਸੁਆਹ ਉਤੇ ਤੋਰਨਾ :** ਮੂੰਹ ਖੁਰ ਵਾਲੇ ਪਸ਼ੂ ਨੂੰ ਗਰਮ ਗਰਮ ਰੇਤ ਜਾਂ ਸੁਆਹ ਉੱਤੇ ਤੋਰਿਆ ਜਾਂਦਾ ਹੈ ਜਾਂ ਕੁਝ ਦੇਰ ਉੱਤੇ ਹੀ ਖੜਾ ਕੀਤਾ ਜਾਂਦਾ ਹੈ। ਕਈ ਵਾਰ ਮੂੰਹ ਖੁਰ ਨਾਲ ਹੋਏ ਜ਼ਖਮਾਂ ਨੂੰ ਨਿੰਮ ਦੇ ਪਾਣੀ ਨਾਲ ਧੋ ਕੇ ਫਿਰ ਪਸ਼ੂ ਹੇਠ ਗੋਹਿਆਂ ਦੀ ਸਵਾਹ ਵਿਛਾ ਦਿੱਤੀ ਜਾਂਦੀ ਹੈ।

**ਵਿਗਿਆਨਕ ਅਧਾਰ :** ਗਰਮ ਰੇਤ ਜਾਂ ਸੁਆਹ ਰੋਗਾਣੂ ਰੋਧਕ ਹੁੰਦੀ ਹੈ ਇਹ ਲਾਗ ਨੂੰ ਖਤਮ ਕਰਕੇ ਅੱਗੇ ਵੱਧਣ ਤੋਂ ਰੋਕਦੀ ਹੈ। ਸੁਆਹ ਵਿੱਚ ਧਾਤਾਂ ਵੀ ਹੁੰਦੀਆਂ ਹਨ ਜੋ ਖੁਰਾਂ ਉੱਤੇ ਹੋਏ ਜ਼ਖਮ ਨੂੰ ਜਲਦੀ ਠੀਕ ਹੋਣ ਵਿੱਚ ਮੱਦਦ ਕਰ ਸਕਦੀਆਂ ਹਨ। ਪਰ ਜ਼ਿਆਦਾ ਗਰਮ ਹੋਣ ਦੀ ਸੂਰਤ ਵਿੱਚ ਖੁਰ ਦਾ ਨਰਮ ਹਿੱਸਾ ਸੜ ਸਕਦਾ ਹੈ।

**3. ਗੇਂਦੇ ਦੀਆਂ ਪੱਤੀਆ, ਤੁਲਸੀ ਦੀਆਂ ਪੱਤੀਆਂ, ਲੱਸਣ ਅਤੇ ਨਿੰਬੂ ਦੇ ਰਸ ਦਾ ਪੇਸਟ ਬਣਾ ਕੇ ਲਾਉਣਾ :** ਗੇਂਦੇ ਦੀਆਂ ਪੱਤੀਆਂ, ਤੁਲਸੀ ਦੀਆਂ ਪੱਤੀਆਂ, ਲਸਣ ਅਤੇ ਨਿੰਬੂ ਦੇ ਰਸ ਦਾ ਪੇਸਟ ਬਣਾ ਕੇ ਮੂੰਹ-ਖੁਰ ਨਾਲ ਹੋਏ ਛਾਲਿਆਂ ਤੇ ਲਗਾਇਆ ਜਾਂਦਾ ਹੈ।

**ਵਿਗਿਆਨਕ ਅਧਾਰ :** ਗੇਂਦੇ ਅਤੇ ਤੁਲਸੀ ਦੀਆਂ ਪੱਤੀਆਂ ਠੰਡਕ ਦਾ ਅਹਿਸਾਸ ਦਿੰਦੀਆਂ ਹਨ। ਲਸਣ ਨੂੰ ਆਯੁਰਵੈਦਿਕ ਵਿੱਚ "ਅਦਭੁੱਤ ਦਵਾਈ" ਕਿਹਾ ਜਾਂਦਾ ਹੈ ਇਸ ਵਿੱਚ ਉਲੀਨਾਸ਼ਕ, ਜੀਵਾਣੂ ਨਾਸ਼ਕ, ਕੀਟਾਣੂ ਨਾਸ਼ਕ, ਰੋਗਾਣੂ ਨਾਸ਼ਕ ਗੁਣ ਹੁੰਦੇ ਹਨ ਜਿਸ ਨਾਲ ਸੋਜ ਨੂੰ ਘਟਾਉਂਦਾ ਹੈ ਇਸ ਪੇਸਟ ਨੂੰ ਮੂੰਹ-ਖੁਰ ਨਾਲ ਹੋਏ ਲੱਛਣਾਂ ਤੇ ਲਗਾਇਆਂ ਜਾਂਦਾ ਹੈ। ਇਹ ਪੇਸਟ ਮੂੰਹ-ਖੁਰ ਨਾਲ ਹੋਏ ਛਾਲਿਆਂ ਨੂੰ ਜਲਦੀ ਠੀਕ ਕਰਨ ਵਿੱਚ ਸਹਾਈ ਹੁੰਦਾ ਹੈ।

**4. ਦੇਸੀ ਸ਼ਰਾਬ ਨਾਲ ਪਸ਼ੂ ਦੇ ਖੁਰ ਧੋਣੇ :** ਮੂੰਹ - ਖੁਰ ਹੋਣ ਨਾਲ ਪਸ਼ੂ ਦੇ ਖੁਰਾ ਤੇ ਜ਼ਖਮ ਤੇ ਛਾਲੇ ਹੋ ਜਾਂਦੇ ਹਨ। ਜਿਨ੍ਹਾਂ ਨੂੰ ਪਸ਼ੂ ਪਾਲਕਾਂ ਦੁਆਰਾ ਦੇਸੀ ਸ਼ਰਾਬ ਨਾਲ ਧੋ ਦਿੱਤਾ ਜਾਂਦਾ ਹੈ।

**ਵਿਗਿਆਨਕ ਅਧਾਰ :** ਸ਼ਰਾਬ ਰੋਗਾਣੂ ਨਾਸ਼ਕ ਹੁੰਦੀ ਹੈ ਇਹ ਮੂੰਹ-ਖੁਰ ਦੀ ਲਾਗ ਨੂੰ ਖਤਮ ਕਰਕੇ ਅੱਗੇ ਵੱਧਣ ਤੋਂ ਰੋਕਦੀ ਹੈ।

**5. ਗੇਰੂਏ ਰੰਗ ਨੂੰ ਰਗੜ ਕੇ ਬੀਮਾਰ ਪਸ਼ੂ ਦੇ ਦੇ ਸਿੰਗਾਂ ਤੇ ਲਾ ਦਿੰਦੇ ਸਨ :** ਕਈ ਵਾਰ ਪਸ਼ੂ ਪਾਲਕ ਮੂੰਹ ਖੁਰ ਦੀ ਬੀਮਾਰੀ ਹੋਣ ਤੇ ਗੇਰੂਏ /ਲਾਲ ਰੰਗ ਨੂੰ ਬੀਮਾਰ ਪਸ਼ੂ ਦੇ ਸਿੰਗਾਂ ਤੇ ਲਾ ਦਿੰਦੇ ਹਨ। ਕਿਸੇ ਸਿਆਣੇ ਬਜ਼ੁਰਗ ਨੇ ਇਹ ਨੁਕਤਾ ਬੀਮਾਰ ਪਸ਼ੂ ਨੂੰ ਤੰਦਰੁਸਤ ਪਸ਼ੂਆਂ ਤੋਂ ਵੱਖ ਕਰਨ ਲਈ ਈਜਾਦ ਕੀਤਾ ਹੋਵੇਗਾ ਕਿ ਉਸ ਨੂੰ ਵੱਖਰਾ ਰੱਖਿਆ ਜਾ ਸਕੇ ਤਾਂ ਜੋ ਬਾਕੀ ਪਸ਼ੂਆਂ ਨੂੰ ਇਹ ਬੀਮਾਰੀ ਨਾ ਹੋਵੇ । ਪਰ ਕੁਝ ਅਨਭੋਲ ਪਸ਼ੂ ਪਾਲਕ ਇਸ ਨੂੰ ਬੀਮਾਰੀ ਨੂੰ ਠੀਕ ਕਰਨ ਦਾ ਟੋਟਕਾ ਬਣਾ ਬੈਠੇ ਹਨ ਜੋ ਕਿ ਸਰਾਸਰ ਗਲਤ ਹੈ।



Scanned by CamScanner

6. ਸਾਰੰਗੀ ਵਜਾਉਣੀ/ਹਥੌਲਾ/ਡੱਲਾ ਕਰਾਉਣਾ ਜਾਂ ਧਾਗਾ/ਤਵੀਤ ਕਰਾਉਣਾ : ਇਹ ਵੇਖਣ ਵਿੱਚ ਆਇਆ ਕਿ ਕਈ ਪਿੰਡਾ ਵਿੱਚ ਸਾਰੰਗੀ ਵਾਲੇ ਫਿਰਦੇ ਹਨ ਜੋ ਭੋਲੇ ਲੋਕਾਂ ਨੂੰ ਇਹ ਕਹਿ ਕੇ ਠਗਦੇ ਫਿਰਦੇ ਹਨ ਬਈ ਉਹਨਾਂ ਦੁਆਰਾ ਫਾਰਮ ਤੇ ਸਾਰੰਗੀ ਨਾਲ ਹੀਰ ਗਾਉਣ ਤੇ ਉਹਨਾਂ ਦੇ ਫਾਰਮ ਤੇ ਮੂੰਹ ਖੁਰ ਦੀ ਬੀਮਾਰੀ ਨਹੀਂ ਆਵੇਗੀ । ਇਸੇ ਤਰ੍ਹਾਂ ਕੁਝ ਲੋਕ ਮੂੰਹ - ਖੁਰ ਦੀ ਬੀਮਾਰੀ ਹੋਣ ਤੇ ਕਿਸੇ ਸਾਧ - ਸੰਤ ਕੋਲੋਂ ਡੱਲਾ ਜਾ ਧਾਗਾ ਕਰਾਉਂਦੇ ਹਨ। ਕਿਸਾਨ ਵੀਰੋ ਠੱਗ - ਪਖੰਡੀਆ ਤੋਂ ਬਚੋ ਉਪਰੋਕਤਾ ਚੀਜ਼ਾ ਦਾ ਬੀਮਾਰੀ ਨਾਲ ਕੁਝ ਵੀ ਲੈਣਾ ਦੇਣਾ ਹੈ ।

7. ਚੁੱਲ੍ਹਾ ਜਾਂ ਪਿੰਡ ਬੰਨਣਾ : ਮੂੰਹ ਖੁਰ ਦੀ ਬੀਮਾਰੀ ਹੋਣ ਦੀ ਸੂਰਤ ਵਿਚ ਪਿੰਡ ਬੰਨ੍ਹ ਲਿਆ ਜਾਂਦਾ ਹੈ ਬਈ ਨਾ ਕੋਈ ਪਿੰਡ ਵਿਚ ਨਵਾਂ ਪਰਾਉਣਾ ਆਉਗਾ ਤੇ ਨਾ ਹੀ ਕੋਈ ਬਾਹਰ ਜਾਏਗਾ । ਇਸਦੇ ਨਾਲ-ਨਾਲ ਸਾਰੇ ਜਾਨਵਰਾਂ ਨੂੰ ਇਕ ਜਗ੍ਹਾ ਇਕੱਠਾ ਕਰਕੇ ਨਿੰਮ - ਗੰਧਕ ਦੀ ਧੂਣੀ ਦਿੱਤੀ ਜਾਂਦੀ ਹੈ ਤਾਂ ਨਾਲ ਹੀ ਬੜੀ ਜੋਰ ਦੀ ਢੋਲ ਵਜਾਇਆ ਜਾਂਦਾ ਹੈ ।

ਇਹ ਨੁਕਤਾ ਅਜੋਕੇ ਸਮੇਂ ਵਿਚ ਲੋਕਾਂ ਦੇ ਰੋਜ਼ਮਰਾ ਦੇ ਰੁਝੇਵਿਆਂ ਕਰਕੇ ਬਹੁਤ ਘੱਟ ਹੋ ਗਿਆ ਹੈ ।

ਵਿਗਿਆਨਕ ਅਧਾਰ : ਪਿੰਡ ਬੰਨਣਾ ਕਿਸੇ ਸਿਆਣੇ ਦਿਮਾਗ ਦੀ ਕਾਢ ਸੀ ਕਿ ਬੀਮਾਰੀ ਹੋਰ ਆਸ ਪਾਸ ਦੇ ਪਿੰਡਾਂ ਵਿਚ ਨਾ ਫੈਲੇ। ਨਿੰਮ ਤੇ ਗੰਧਕ ਦੀ ਧੂਣੀ ਰੋਗਾਣੂ ਨਾਸ਼ਕ ਮੰਨੀ ਜਾਂਦੀ ਹੈ ।

8. ਮੱਛੀ ਟੱਗਣਾ : ਪਸ਼ੂਆਂ ਦੀ ਸਬਾਤ ਦੇ ਬਾਹਰ ਮੱਛੀ ਟੱਗ ਦਿੱਤੀ ਜਾਂਦੀ ਹੈ, ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਸ ਨਾਲ ਮੂੰਹ ਖੁਰ ਦੀ ਬੀਮਾਰੀ ਨਹੀਂ ਪਵੇਗੀ। ਇਸ ਵਿਚ ਕੋਈ ਵਿਗਿਆਨਕ ਅਧਾਰ ਨਹੀਂ ਹੈ

9. ਸੁਰ ਦੇ ਹੱਡ ਨੱਪਣਾ : ਢਾਰਿਆਂ ਅੰਦਰ ਸੂਰ ਦੇ ਹੱਡ ਦੱਬ ਦਿੱਤੇ ਜਾਂਦੇ ਹਨ ਕਿ ਇਹਨਾਂ ਦੇ ਨਾਲ ਬੀਮਾਰੀ ਨਹੀਂ ਪੈਂਦੀ। ਇਸ ਵਿਚ ਕੋਈ ਵਿਗਿਆਨਕ ਅਧਾਰ ਨਹੀਂ ਹੈ।

10. ਬਾਜਰੇ ਦੀ ਰੋਟੀ ਨੂੰ ਖਾਣ ਵਾਲਾ ਤੇਲ ਲਾ ਕੇ ਦੇਣਾ : ਕਈ ਪਸ਼ੂ ਪਾਲਕ ਮੂੰਹ ਖੁਰ ਹੋਣ ਦੀ ਬੀਮਾਰੀ ਵਿੱਚ ਪਸ਼ੂਆਂ ਨੂੰ ਬਾਜਰੇ ਦੀ ਰੋਟੀ ਨੂੰ ਖਾਣ ਵਾਲਾ ਤੇਲ ਲਾ ਕੇ ਦਿੰਦੇ ਹਨ।

ਵਿਗਿਆਨਕ ਅਧਾਰ: ਮੂੰਹ ਖੁਰ ਨਾਲ ਬੀਮਾਰ ਹੋਏ ਪਸ਼ੂ ਦੇ ਮੂੰਹ ਵਿੱਚ ਵੀ ਛਾਲੇ ਹੋ ਜਾਂਦੇ ਹਨ। ਉਹ ਜਿਆਦਾ ਸਖਤ ਪਸ਼ੂ ਖੁਰਾਕ ਨਹੀਂ ਖਾ ਸਕਦਾ। ਇਸ ਲਈ ਉਸ ਨੂੰ ਨਰਮ ਚੀਜ਼ਾਂ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਬਾਜਰੇ ਦੀ ਰੋਟੀ ਵੀ ਨਰਮ ਹੁੰਦੀ ਹੈ,ਪਰ ਇਹ ਬੀਮਾਰੀ ਦਾ ਇਲਾਜ ਨਹੀਂ ਹੈ।

11. ਪਸ਼ੂਆਂ ਥੱਲੇ ਕਲੀ/ਚੂਨਾ ਛਿੜਕਣਾ : ਕਈ ਵਾਰ ਮੂੰਹ ਖੁਰ ਹੋਣ ਦੀ ਸੂਰਤ ਵਿੱਚ ਕਲੀ/ਚੂਨਾ ਛਿੜਕਿਆ ਜਾਂਦਾ ਹੈ।

ਵਿਗਿਆਨਕ ਅਧਾਰ : ਕਲੀ ਚੂਨੇ ਵਿੱਚ ਜ਼ਰਮ ਰੋਧਕ/ਰੋਗਾਣੂ ਨਾਸ਼ਕ ਗੁਣ ਹੁੰਦੇ ਹਨ ਇਸ ਲਈ ਪਸ਼ੂਆਂ ਦੀਆਂ ਸਬਾਤਾਂ ਤੇ ਗੇਟ ਤੇ ਵੀ ਇਹਨਾਂ ਨੂੰ ਛਿੜਕਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ ਤਾਂ ਕਿ ਫਾਰਮ ਤੇ ਆਉਣ ਜਾਣ ਵਾਲੇ ਦੇ ਪੈਰਾ ਨਾਲ ਰੋਗਾਣੂ ਫਾਰਮ ਦੇ ਅੰਦਰ ਨਾ ਜਾ ਸਕਣ।

☛ ਸਿਆਣਪ ਇਸੇ ਵਿੱਚ ਹੈ ਕਿ ਮੂੰਹ ਖੁਰ ਤੋਂ ਬਚਾਉ ਦੇ ਟੀਕੇ ਸਾਰੇ ਪਸ਼ੂਆਂ ਨੂੰ ਲਗਵਾਏ ਜਾਣ ਲਗਵਾਏ ਜਾਣ ਕਿਉਂਕਿ ਇਲਾਜ ਨਾਲੋਂ ਪਰਹੇਜ਼ ਹਮੇਸ਼ਾ ਚੰਗਾ ਹੁੰਦਾ ਹੈ।



Scanned by CamScanner

# 4. ਪਰਜੀਵੀਆਂ ਦੀ ਰੋਕਥਾਮ

## 8. ਪਰਜੀਵੀਆਂ ਦੀ ਰੋਕਥਾਮ

**1. ਲੱਸੀ ਵਿੱਚ ਸਰੋਂ ਦਾ ਤੇਲ ਮਿਲਾ ਕੇ ਦੇਣਾ :** ਆਮ ਤੌਰ ਤੇ ਇਹ ਟੋਟਕਾ ਸਾਰੇ ਪੰਜਾਬ ਵਿੱਚ ਵਰਤਿਆਂ ਜਾਂਦਾ ਹੈ। ਲਗਭਗ ਸਾਰੇ ਹੀ ਕੱਟੜੂ-ਵੱਛੜੂਆਂ ਵਿੱਚ ਮਲੱਪਾਂ ਦੀ ਬੀਮਾਰੀ ਪਾਈ ਜਾਂਦੀ ਹੈ। ਇਹਨਾਂ ਤੋਂ ਨਿਜਾਤ ਪਾਉਣ ਲਈ ਪਸ਼ੂ ਪਾਲਕ ਕੱਟੜਆਂ-ਵੱਛੜੂਆਂ ਨੂੰ ਲੱਸੀ ਤੇ ਸਰੋਂ ਦਾ ਤੇਲ (6:1) ਦਾ ਮਿਸ਼ਰਣ ਦੇ ਦਿੰਦੇ ਹਨ ਜਿਸ ਨਾਲ ਉਹਨਾਂ ਨੂੰ ਮੋਕ ਲੱਗ ਜਾਂਦੀ ਹੈ ਤੇ ਮਲੱਪ ਬਾਹਰ ਆ ਜਾਂਦੇ ਹਨ।

**2. ਦੇਸੀ ਤੇਲ ਪਿਲਾਉਣਾ :** ਕੁਝ ਪਸ਼ੂ ਪਾਲਕ ਕੱਟੜੂ-ਵੱਛੜੂਆਂ ਨੂੰ ਦੇਸੀ ਤੇਲ (ਸਰੋਂ ਦਾ ਤੇਲ) ਪਿਲਾਉਂਦੇ ਹਨ ਕਿ ਇਸ ਨਾਲ ਮਲੱਪ ਮਰ ਕੇ ਬਾਹਰ ਆ ਜਾਣਗੇ।

**ਚਿਤਾਵਨੀ :** ਜ਼ਿਆਦਾ ਮਾਤਰਾ ਵਿੱਚ ਦਿੱਤਾ ਤੇਲ ਪਸ਼ੂਆਂ ਵਿੱਚ ਬਦਹਜ਼ਮੀ ਕਰ ਸਕਦਾ ਹੈ।

**3. ਤਾਰਾਮੀਰਾ (50 ਗ੍ਰਾਮ) + ਲੱਸੀ (250 ਗ੍ਰਾਮ) :** ਇਸ ਟੋਟਕੇ ਰਾਹੀ ਪਸ਼ੂ ਪਾਲਕ ਤਾਰਾਮੀਰਾ ਲਗਭਗ 50 ਗ੍ਰਾਮ ਨੂੰ ਕੁੱਟ ਕੇ ਲੱਸੀ ਵਿੱਚ ਮਿਲਾ ਕੇ ਪਸ਼ੂ ਨੂੰ ਪਿਲਾ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਇਸ ਨਾਲ ਮਲੱਪ ਮਰ ਕੇ ਬਾਹਰ ਆ ਜਾਣਗੇ। ਲੱਗਭਗ ਸਾਰੇ ਪੰਜਾਬ ਵਿੱਚ ਇਹ ਧਾਰਨਾਂ ਹੈ ਕਿ ਤਾਰਾਮੀਰਾ ਖੁਆਉਣ ਨਾਲ ਪਸ਼ੂ ਨੂੰ ਬਾਹਰੀ ਤੇ ਅੰਦਰੂਨੀ ਕੀੜੇ ਨਹੀਂ ਪੈਂਦੇ ਪਰ ਇਸ ਉਤੇ ਹਜ਼ੇ ਖੋਜ ਹੋਣਾ ਬਾਕੀ ਹੈ।

**ਵਿਗਿਆਨਕ ਅਧਾਰ :** ਤੇਲ ਚਿਕਨਾਈ ਦਾ ਸਰੋਤ ਹੁੰਦਾ ਹੈ ਜਿਹੜਾ ਕਿ 6 ਮਹੀਨੇ ਤੋ ਛੋਟੇ ਕੱਟੜੂ-ਵੱਛੜੂਆਂ ਵਿੱਚ (ਜਿਨਾਂ ਦੀ ਉਝਰੀ ਹਜ਼ੇ ਪੂਰੀ ਤਰਾਂ ਵਿਕਸਤ ਨਹੀ ਹੋਈ ਹੁੰਦੀ) ਵਿੱਚ ਇੱਕ ਮਿਹਦੇ ਵਾਲੇ ਪ੍ਰਾਣੀ ਦੀ ਤਰਾਂ ਹਜ਼ਮ ਹੁੰਦਾ ਹੈ। ਇਸ ਨਾਲ ਮਲੱਪਾਂ ਤੇ ਕੋਈ ਅਸਰ ਨਹੀ ਪੈਂਦਾ।

**4. ਨਿੰਮ ਦੇ ਪੱਤੇ ਅਤੇ ਅਰਿੰਡ ਦੇ ਤੇਲ ਦਾ ਪੇਸਟ ਬਣਾ ਕੇ ਦੇਣਾ :** ਨਿੰਮ ਦੇ ਪੱਤਿਆ ਨੂੰ ਰਗੜ ਕੇ ਅਰਿੰਡ ਦੇ ਤੇਲ ਵਿੱਚ ਮਿਲਾ ਕੇ ਪੇਸਟ ਬਣਾ ਲਿਆ ਜਾਂਦਾ ਹੈ ਤੇ ਖੁਰਾਕ ਰਾਹੀ ਪਸ਼ੂ ਨੂੰ ਖੁਆ ਦਿੱਤਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਅੰਤੜੀ ਵਿਚਲੇ ਪਰਜੀਵੀਂ ਮਰ ਕੇ ਬਾਹਰ ਆ ਜਾਂਦੇ ਹਨ।

**ਵਿਗਿਆਨਕ ਅਧਾਰ :** ਨਿੰਮ ਅਤੇ ਅਰਿੰਡ ਵਿੱਚ ਪਰਜੀਵੀਂ ਰੋਧਕ ਸ਼ਕਤੀ ਹੁੰਦੀ ਹੈ ਜਿਸ ਨਾਲ ਇਹ ਪਰਜੀਵੀਂ ਨੂੰ ਮਾਰਨ ਵਿੱਚ ਸਹਾਈ ਹੋ ਸਕਦੇ ਹਨ ਇਸ ਦੇ ਨਾਲ-ਨਾਲ ਨਿੰਮ ਖੁਆਉਣ ਨਾਲ ਮੋਕ ਲੱਗ ਜਾਂਦੀ ਹੈ ਸੋ ਮਲੱਪ ਗੋਹੇ ਰਾਹੀ ਬਾਹਰ ਆ ਜਾਂਦੇ ਹਨ। ਪਰ ਅਰਿੰਡ ਵਿੱਚ ਕਈ ਜ਼ਹਿਰੀਲੇ ਤੱਤ ਵੀ ਪਾਏ ਜਾਂਦੇ ਹਨ।

**5. ਕੱਟੜੂ-ਵੱਛੜੂ ਦਾ ਮੂੰਹ ਬੰਨ ਕੇ ਰੱਖਣਾ (ਛਿੱਕਲੀ ਪਾਉਣਾ) :** ਆਮ ਤੌਰ ਤੇ ਪਸ਼ੂ ਪਾਲਕ ਕੱਟੜੂ-ਵੱਛੜੂ ਦਾ ਮੂੰਹ ਰੱਸੇ ਦੀ ਛਿੱਕਲੀ ਨਾਲ ਬੰਨ੍ਹ ਦਿੰਦੇ ਹਨ ਸਿਰਫ ਖਾਣ-ਪੀਣ ਵੇਲੇ ਹੀ ਖੋਲਦੇ ਹਨ।

**ਵਿਗਿਆਨਕ ਅਧਾਰ :** ਰੱਸਾ ਬੰਨਣ ਨਾਲ ਕੱਟੜੂ-ਵੱਛੜੂ ਮਿੱਟੀ ਆਦਿ ਨਹੀਂ ਖਾ ਸਕਦੇ ਜਿਸ ਨਾਲ ਉਹ ਕਾਫੀ ਹੱਦ ਤੱਕ ਇਸ ਬੀਮਾਰੀ ਤੋਂ ਬਚੇ ਰਹਿੰਦੇ ਹਨ ਛਿਕਲੀ ਪਾਉਣ ਦਾ ਇੱਕ ਫਾਇਦਾ ਇਹ ਵੀ ਹੁੰਦਾ ਹੈ ਕੀ ਕੱਟੜੂ-ਵੱਛੜੂ ਖੁਲ ਕੇ ਮਾਂ ਨੂੰ ਚੁੰਘਣ ਲਈ ਤੰਗ ਨਹੀਂ ਕਰੇਗਾ।



Scanned by CamScanner

**6. ਤਾਰਾਮੀਰਾ ਖੁਆਉਣਾ :** ਪੰਜਾਬ ਵਿੱਚ ਕੰਢੀ ਇਲਾਕੇ ਵਿੱਚ ਪਸ਼ੂ ਪਾਲਕਾਂ ਆਪਣੇ ਪਸ਼ੂ ਨੂੰ ਤਾਰਾਮੀਰਾ ਖੁਆਉਂਦੇ ਹਨ ਉਹਨਾਂ ਦਾ ਇਹ ਮੰਨਣਾ ਹੈ ਕਿ ਤਾਰਾਮੀਰਾ ਖੁਆਉਣ ਨਾਲ ਪਸ਼ੂਆਂ ਵਿੱਚ ਜੂਨਾਂ (ਮਲੱਪ) ਨਹੀਂ ਪੈਂਦੀਆਂ ਤੇ ਇਸ ਲਈ ਇਸ ਇਲਾਕੇ ਵਿੱਚ ਮਲੱਪਾਂ ਦੀ ਬੀਮਾਰੀ ਘੱਟ ਪਾਈ ਗਈ ਹੈ। ਪਰ ਤਾਰਾਮੀਰਾ ਵਿੱਚ ਅਜਿਹਾ ਕੀ ਹੈ ਜੋ ਇਹਨਾਂ ਮਲੱਪਾਂ ਨੂੰ ਰੋਕਦਾ ਇਸ ਬਾਰੇ ਹਜ਼ੇ ਖੋਜ ਹੋਣਾ ਬਾਕੀ ਹੈ।

**7. ਨਿੰਮ ਦੇ ਪੱਤਿਆਂ ਦਾ ਪਾਣੀ ਦੇਣਾ :** ਇਸ ਨੁਕਤੇ ਵਿੱਚ ਨਿੰਮ ਦੇ ਪੱਤਿਆਂ ਨੂੰ ਰਗੜ ਕੇ ਪਾਣੀ ਕੱਢ ਲਿਆ ਜਾਂਦਾ ਹੈ ਤੇ ਪਸ਼ੂ ਨੂੰ ਪਿਲਾ ਦਿੱਤਾ ਜਾਂਦਾ ਹੈ ਇਸ ਨਾਲ ਗੁੜ ਦੀ ਚਾਣੀ ਵੀ ਦਿੱਤੀ ਜਾਂਦੀ ਹੈ, ਜਿਸ ਨਾਲ ਪਸ਼ੂ ਦੇ ਮੂੰਹ ਵਿੱਚ ਖੁਸ਼ਕੀ ਨਹੀਂ ਹੁੰਦੀ। ਨਿੰਮ ਨਾਲ ਪਾਚਣ ਪ੍ਰਣਾਲੀ ਅੰਦਰਲੇ ਸਾਰੇ ਮਲੱਪ (ਜੂਨਾਂ) ਮਰ ਕੇ ਬਾਹਰ ਆ ਜਾਂਦੇ ਹਨ।

**8. ਟਮਾਟਰ ਦਾ ਜੂਸ ਦੇਣਾ :** ਲਗਭਗ 1 ਕਿਲੋ ਟਮਾਟਰ ਦਾ ਜੂਸ ਛੋਟੇ ਕੱਟੜੂ ਵੱਛੜੂ ਨੂੰ ਦਿੱਤਾ ਜਾਂਦਾ ਹੈ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਸਾਰੇ ਕੀੜੇ ਮਰ ਜਾਂਦੇ ਹਨ। ਇਹ ਟੋਟਕਾ ਕਈ ਵਾਰ ਛੋਟੇ ਬੱਚਿਆਂ ਵਿੱਚ ਵੀ ਵਰਤਿਆ ਜਾਂਦਾ ਹੈ । ਇਸ ਦਾ ਅਧਾਰ ਇਹ ਹੋ ਸਕਦਾ ਹੈ ਕਿ ਟਮਾਟਰ ਜੂਸ ਮੋਕ ਲਗਾਉਣ ਦਾ ਕੰਮ ਕਰਦਾ ਹੈ ਤੇ ਇਸ ਨਾਲ ਮਲੱਪ ਬਾਹਰ ਆ ਜਾਦੇ ਹਨ।

**9. ਲੱਸੀ+ਤਾਰਾਮੀਰਾ+ਸਰੋਂ ਦਾ ਤੇਲ :** ਇਹਨਾਂ ਚੀਜ਼ਾਂ ਦਾ ਪਾਈਆ ਕੁ ਮਿਸ਼ਰਣ ਬਣਾ ਕੇ ਪਸ਼ੂ ਨੂੰ ਦਿੱਤਾ ਜਾਂਦਾ ਹੈ। ਪਸ਼ੂ ਪਾਲਕ ਕਹਿੰਦੇ ਹਨ ਕਿ ਇਸ ਨਾਲ ਮਲੱਪ ਮਰ ਕੇ ਬਾਹਰ ਆ ਜਾਂਦੇ ਹਨ ਇਹ ਜ਼ਿਆਦਾਤਰ ਕੱਟੜੂਆਂ-ਵੱਛੜੂਆਂ ਵਿੱਚ ਵਰਤਿਆ ਜਾਂਦਾ ਹੈ। ਇਸ ਨਾਲ ਉਹਨਾਂ ਨੂੰ ਮੋਕ ਲੱਗ ਜਾਂਦੀ ਹੈ, ਜਿਸ ਰਾਹੀਂ ਮਰੇ ਮਲੱਪ ਬਾਹਰ ਨਿਕਲ ਜਾਂਦੇ ਹਨ।

**10. ਸ਼ਰਾਬ ਪਿਲਾਉਣੀ :** ਕੁਝ ਅਨਭੋਲ ਪਸ਼ੂ ਪਾਲਕ ਚਲਾਕ ਲੋਕਾਂ ਦੇ ਮਗਰ ਲੱਗ ਕੇ ਕੱਟੜੂ-ਵੱਛੜੂ ਨੂੰ ਸ਼ਰਾਬ ਵੀ ਪਿਲਾ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਮਲੱਪ ਮਰ ਕੇ ਬਾਹਰ ਆ ਜਾਂਦੇ ਹਨ।

## 9. ਬਾਹਰੀ ਪਰਜੀਵੀਆਂ ਦੀ ਰੋਕਥਾਮ ਲਈ

1. ਮਿੱਟੀ ਦਾ ਤੇਲ, ਲੂਣ ਅਤੇ ਸਰੋਂ ਦੇ ਤੇਲ ਦਾ ਮਿਸ਼ਰਣ ਚਮੜੀ ਤੇ ਮਲ ਦਿੰਦੇ ਹਨ ਜਾਂ ਜਿਥੇ ਜਿਥੇ ਬਾਹਰੀ ਪਰਜੀਵੀਂ ਜ਼ਿਆਦਾ ਹੋਣ ਉਥੇ ਮਲ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਚਿਚੜ, ਜੂੰਆਂ ਆਦਿ ਮਰ ਕੇ ਝੜ ਜਾਣਗੇ, ਕਈ ਵਾਰ ਡੀਜ਼ਲ ਵੀ ਮਲਿਆ ਜਾਦਾ ਹੈ ।

2. **ਚਿੱਚੜਾਂ ਵਾਲੀ ਥਾਂ ਤੇ ਆਟਾ ਮਲਣਾਂ :** ਕਈ ਪਸ਼ੂ ਪਾਲਕਾਂ ਨੇ ਪਸ਼ੂਆਂ ਦੇ ਨਾਲ ਨਾਲ ਘਰੇ ਮੁਰਗੀਆਂ ਵੀ ਰੱਖੀਆਂ ਹੁੰਦੀਆਂ ਹਨ। ਅਜਿਹੇ ਪਸ਼ੂ ਪਾਲਕ ਪਸ਼ੂਆਂ ਦੀ ਚਿੱਚੜਾਂ ਵਾਲੀ ਜਗ੍ਹਾਂ ਤੇ ਆਟਾ ਮਲ ਦਿੰਦੇ ਸਨ। ਮੁਰਗੀਆਂ ਇਸ ਆਟੇ ਵੱਲ ਖਿਚੀਆਂ ਚਲੀਆਂ ਆਉਂਦੀਆਂ ਹਨ ਤੇ ਆਟੇ ਦੇ ਨਾਲ ਨਾਲ ਚਿੱਚੜ ਵੀ ਖਾਂ ਜਾਂਦੀਆਂ ਹਨ।

3. **ਧੁਖਦੀ ਪਰਾਲੀ ਪਸ਼ੂ ਦੇ ਪਿੰਡੇ ਤੇ ਮਲਣੀ :** ਕਿ ਇਸ ਨਾਲ ਚਿੱਚੜ ਮਰ ਕੇ ਡਿਗ ਜਾਣਗੇ।

4. **ਕੀਟਨਾਸ਼ਕ ਦਵਾਈਆਂ ਦਾ ਮਲਣਾ :** ਕਈ ਵਾਰ ਕਿਸਾਨ ਇਹੋ ਜਿਹੀਆਂ ਦਵਾਈਆਂ ਜਾਂ ਢੰਗਾਂ ਦਾ ਇਸਤੇਮਾਲ ਕਰਦੇ ਹਨ ਜਿਸ ਨਾਲ ਕਿ ਹੈਰਾਨੀ ਵੀ ਹੁੰਦੀ ਹੈ ਅਤੇ ਨਾਲ ਹੀ ਇਹ ਪਸ਼ੂਆਂ ਲਈ ਵੀ ਜਾਨਲੇਵਾ ਹੁੰਦੇ ਹਨ । ਕਈ ਵਾਰ ਬਾਹਰਲੇ ਪਰਜੀਵੀਆਂ ਜਾਂ ਚਿਚੜਾਂ ਦਾ ਖਾਤਮਾ ਕਰਨ ਲਈ ਕਿਸਾਨ ਫਸਲਾਂ ਤੇ ਸਪਰੇਅ ਹੋਣ ਵਾਲੀਆਂ ਕੀਟਨਾਸ਼ਕ ਦਵਾਈਆਂ ਪਸ਼ੂਆਂ ਦੇ ਸਰੀਰ ਤੇ ਮਲ ਦਿੰਦੇ ਹਨ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਜਿਹੜੀ ਕੀਟਨਾਸ਼ਕ ਦਵਾਈ ਫਸਲਾਂ ਦੇ



Scanned by CamScanner

ਕੀੜੇ ਮਾਰ ਸਕਦੀ ਹੈ, ਉਹ ਚਿਚੜਾਂ ਨੂੰ ਕਿਵੇਂ ਬਖਸ਼ੂ । ਪਰ ਹੁੰਦਾ ਹੈ ਕਿ ਦਵਾਈ ਮਲਣ ਤੋਂ ਬਾਅਦ ਇਹ ਪਸ਼ੂ ਦੇ ਸਰੀਰ ਵਿਚ ਚਲੀ ਜਾਂਦੀ ਹੈ ਅਤੇ ਜ਼ਹਿਰਵਾਦ ਦੀਆਂ ਨਿਸ਼ਾਨੀਆਂ ਆ ਜਾਂਦੀਆਂ ਹਨ। ਫਿਰ ਇਹਨਾਂ ਕੇਸਾਂ ਵਿਚ ਪਸ਼ੂ ਨੂੰ ਬਚਾਉਣਾ ਔਖਾ ਹੋ ਜਾਂਦਾ ਹੈ ।

☛ ਨੋਟ : ਪਰ ਇਹ ਕੋਈ ਵਧੀਆ ਤਰੀਕੇ ਨਹੀਂ ਹਨ, ਕੋਸ਼ੀਸ਼ ਇਹ ਹੋਣੀ ਚਾਹੀਦੀ ਹੈ ਕਿ ਸੁਚੱਜੀ ਅਤੇ ਸਾਫ ਸੁਥਰੀ ਸਾਭ ਸੰਭਾਲ ਹੋਵੇ ਤੇ ਜੇ ਬਾਹਰੀ ਪਰਜੀਵੀ ਪੈ ਹੀ ਗਏ ਹੋਣ ਤਾਂ ਅੱਜਕਲ ਵਧੀਆ-ਵਧੀਆ ਜਰਗਰ ਦਵਾਈਆਂ ਮੌਜੂਦ ਨੇ ਜਿਨ੍ਹਾਂ ਨਾਲ ਸਾਰੇ ਪਰਜੀਵੀ ਮਰ ਜਾਂਦੇ ਹਨ। ਕੁਝ ਕੁ ਦਵਾਈਆ ਤਾਂ ਨੇੜੇ ਦੇ ਪਸ਼ੂ ਹਸਪਤਾਲ ਵਿੱਚ ਮੁਫਤ ਮਿਲ ਜਾਂਦੀਆਂ ਹਨ।

## 10. ਬੰਨ ਪੈਣਾ, ਮੋਕ ਲਗਣੀ ਤੇ ਅਫਰੇਵਾਂ

**1. ਕੋੜ ਤੁੰਮਿਆਂ ਦਾ ਚੂਰਨ ਦੇਣਾ** : ਦੇਖਿਆ ਗਿਆ ਹੈ ਕਈ ਵਾਰ ਨਵੀਂ ਤੂੜੀ ਜਾਂ ਰੀਪਰ ਦੀ ਤੂੜੀ ਖੁਆਉਣ ਨਾਲ ਪਸ਼ੂ ਵਿੱਚ ਬੰਨ ਪੈ ਜਾਂਦਾ ਹੈ। ਬੰਨ ਪੈਣ ਦੀ ਸੂਰਤ ਵਿੱਚ ਪਸ਼ੂ ਪਾਲਕ ਕੋੜ ਤੁੰਮਿਆ ਦਾ ਚੂਰਨ ਖੁਆਉਂਦੇ ਹਨ। ਇਹ ਚੂਰਨ ਗੈਸ ਬਨਣ ਦੀ ਸੂਰਤ ਵਿੱਚ ਅਤੇ ਬਦਹਜ਼ਮੀ ਵਿੱਚ ਵੀ ਕਾਫੀ ਲਾਭਦਾਇਕ ਸਿੱਧ ਹੁੰਦਾ ਹੈ।

**2. ਮਿੱਠਾ ਸੋਡਾ ਤੇ ਅਲਸੀ ਦਾ ਤੇਲ ਦੇਣਾ** : ਕਈ ਵਾਰ ਕਬਜ਼ੀ ਜਾਂ ਬੰਨ ਪੈਣ ਤੇ ਮਿੱਠਾ ਸੋਡਾ ਤੇ ਅਲਸੀ ਦਾ ਤੇਲ ਦਿੱਤਾ ਜਾਂਦਾ ਹੈ । ਮਿੱਠਾ ਸੋਡਾ ਕਬਜ਼ਰੋਧਕ ਹੁੰਦਾ ਹੈ । ਇਸ ਨਾਲ ਅੰਤੜੀਆਂ ਵਿੱਚਲੀ ਗਤੀ ਵਧ ਜਾਂਦੀ ਹੈ ਤੇ ਕੁਝ ਕੇਸਾ ਵਿੱਚ ਇਹ ਟੋਟਕਾ ਕੰਮ ਵੀ ਕਰ ਜਾਂਦਾ ਹੈ ।

3. ਪੁਰਾਣਾ ਅੰਬ ਦਾ ਆਚਾਰ ਦੇਣਾ, ਗੁੜ ਲੱਕੜ ਉਬਾਲ ਕੇ ਦੇਣਾ ਜਾਂ ਤੇਲ ਦੇਣਾ । ਇਹਨਾਂ ਉਤੇ ਵਿਗਿਆਨਕ ਖੋਜ਼ ਹੋਣਾ ਅਜੇ ਬਾਕੀ ਹੈ।

## 11. ਮੋਕ ਲਗਣੀ

**1. ਪੋਸਤ/ਡੋਡੇ ਦੇਣਾ** : ਕਈ ਵਾਰ ਜਦੋਂ ਮੱਝ/ ਗਾਂ ਨੂੰ ਮੋਕ ਲੱਗ ਜਾਂਦੀ ਹੈ ਤਾਂ ਪਸ਼ੂ ਪਾਲਕ ਪਸ਼ੂ ਨੂੰ ਪੋਸਤ, ਭੁੱਕੀ ਜਾਂ ਡੋਡੇ ਖਵਾ ਦਿੰਦੇ ਹਨ।

**ਵਿਗਿਆਨਕ ਅਧਾਰ** : ਪੋਸਤ/ਭੁੱਕੀ/ਡੋਡੇ ਵਿੱਚ ਕਬਜ਼ ਕਰਨ ਦੇ ਗੁਣ ਹੁੰਦੇ ਹਨ ਇਹ ਪਾਚਣ ਪ੍ਰਣਾਲੀ ਦੀ ਗਤੀ ਨੂੰ ਘੱਟ ਕਰ ਦਿੰਦਾ ਹੈ ਜਿਸ ਨਾਲ ਮੋਕ ਬੰਦ ਹੋ ਜਾਂਦੀ ਹੈ ਜਾਂ ਕਬਜ਼ ਹੋ ਜਾਂਦੀ ਹੈ। ਪਰ ਇਹ ਦੱਸਣਯੋਗ ਹੈ ਕਿ ਇਹ ਲਾਗ ਨੂੰ ਖਤਮ ਨਹੀਂ ਕਰਦਾ, ਲਾਗ (Infection) ਪਸ਼ੂ ਦੇ ਅੰਦਰ ਹੀ ਰਹਿ ਜਾਂਦੀ ਹੈ ਸੋ ਪਸ਼ੂ ਨੂੰ ਰੋਗਾਣੂ ਰੋਧਕ ਦਵਾਈ ਵੀ ਦੇਣੀ ਚਾਹੀਦੀ ਹੈ।

**ਚਿਤਾਵਨੀ** : ਜ਼ਿਆਦਾ ਮਾਤਰਾ ਵਿੱਚ ਦੇਣ ਨਾਲ ਪਸ਼ੂ ਵਿੱਚ ਬੰਨ੍ਹ ਵੀ ਪੈ ਸਕਦਾ ਹੈ। ਇਕ ਗੱਲ ਹੋਰ ਕਿ ਜੇ ਭੁੱਕੀ/ ਪੋਸਤ ਜਾਂ ਡੋਡੇ ਦਿੰਦੇ ਫੜੇ ਗਏ ਤਾਂ ਸਜ਼ਾ ਹੋ ਸਕਦੀ ਹੈ।

**2. ਮੋਕ ਲਗਣਾ** : ਲੱਗਭਗ 250 ਗ੍ਰਾਮ ਸਾਬਤ ਤਾਰਾਮੀਰਾ ਤੇ ਇੰਨ੍ਹੇ ਹੀ ਮੇਥੇ ਲੈ ਕੇ ਪਸ਼ੂ ਨੂੰ ਖੁਆਏ ਜਾਂਦੇ ਹਨ।

**3. ਧਤੂਰੇ ਦਾ ਡੋਡਾ ਖੁਆਉਣਾ** : ਕੰਢੀ ਇਲਾਕੇ ਵਿੱਚ ਕਿਤੇ ਕਿੱਤੇ ਇਹ ਨੁਸਖਾ ਵੀ ਅਪਣਾਇਆ ਜਾਂਦਾ ਹੈ। ਜ਼ਿਆਦਾ ਮੋਕ ਲੱਗਣ ਵਿੱਚ ਧਤੂਰੇ ਦਾ ਇਕ ਡੋਡਾ ਖੁਆ ਦਿੱਤਾ ਜਾਂਦਾ ਹੈ।



Scanned by CamScanner

ਚਿਤਾਵਨੀ : ਧਤੂਰੇ ਵਿੱਚ "ਰਾਈਸਨ" ਨਾਮ ਦੀ ਇਕ ਜ਼ਹਿਰ ਹੁੰਦੀ ਹੈ ਜਿਸ ਨਾਲ ਪਸ਼ੂ ਨੂੰ ਜ਼ਹਿਰਬਾਦ ਹੋ ਸਕਦਾ ਹੈ ।

4. **ਪੂਛ ਬੰਨਣਾ :** ਮਾਲਵੇ ਵਿੱਚ ਪਸ਼ੂ ਪਾਲਕ ਪਸ਼ੂ ਨੂੰ ਮੋਕ ਲੱਗਣ ਦੀ ਸੂਰਤ ਵਿੱਚ ਉਸਦੀ ਪੂਛ ਨੂੰ ਧਾਗਾ ਬੰਨ ਦਿੰਦੇ ਹਨ ਬਈ ਇਸ ਨਾਲ ਮੋਕ ਰੁੱਕ ਜਾਵੇਗੀ । ਇਹ ਟੋਟਕਾ ਜ਼ਿਆਦਾਤਰ ਭੇਡਾਂ ਵਿੱਚ ਅਪਣਾਇਆ ਜਾਂਦਾ ਹੈ। ਇਸ ਵਿੱਚ ਕੋਈ ਵਿਗਿਆਨਕ ਆਧਾਰ ਨਹੀਂ ਹੈ।

5. **ਕੁਚਲਿਆਂ ਦਾ ਪਾਉਡਰ ਦੇਣਾ :** ਕਿਤੇ ਕਿਤੇ ਮੋਕ ਲੱਗਣ ਤੇ ਪਸ਼ੂ ਨੂੰ ਕੁਚਲਿਆਂ ਦਾ ਪਾਉਡਰ (Nux vomica) ਵੀ ਦਿੱਤਾ ਜਾਂਦਾ ਹੈ।

## 12. ਅਫਰੇਵਾਂ/ਅਫਾਰਾ

1. **ਸਰੋਂ ਦਾ ਤੇਲ ਦੇਣਾ :** ਕਈ ਵਾਰ ਜ਼ਿਆਦਾ ਹਰੇ ਪੱਠੇ ਖਾ ਲੈਣ ਨਾਲ ਪਸ਼ੂ ਦੀ ਉਝਰੀ ਵਿੱਚ ਗੈਸ ਜ਼ਿਆਦਾ ਬਣ ਜਾਂਦੀ ਹੈ ਜਾਂ ਕਈ ਕਾਰਨਾਂ ਕਰਕੇ ਗੈਸ ਬਾਹਰ ਨਹੀਂ ਨਿਕਲਦੀ ਇਸ ਨਾਲ ਪਸ਼ੂ ਵਿੱਚ ਅਫਾਰਾ ਹੋ ਜਾਂਦਾ ਹੈ। ਅਜਿਹਾ ਹੋਣ ਦੀ ਸੂਰਤ ਵਿੱਚ ਪਸ਼ੂ ਪਾਲਕਾਂ ਵਲੋਂ ਸਰੋਂ ਦਾ ਤੇਲ ਦਿੱਤਾ ਜਾਂਦਾ ਹੈ।

**ਵਿਗਿਆਨਕ ਅਧਾਰ :** ਜ਼ਿਆਦਾ ਹਰੇ ਪੱਠੇ (ਫਲੀਦਾਰ) ਵਿੱਚ "ਸੇਪੋਨੀਨ" ਨਾਂ ਦਾ ਇਕ ਰਸਾਇਣ ਹੁੰਦਾ ਹੈ ਜੋ ਝੱਗ ਬਣਾਉਂਦਾ ਹੈ ਜਿਸ ਵਿੱਚ ਗੈਸ ਫਸ ਜਾਂਦੀ ਹੈ ਤੇ ਪਸ਼ੂ ਨੂੰ ਅਫਰੇਵਾਂ ਹੋ ਜਾਂਦਾ ਹੈ। ਤੇਲ ਵਿੱਚ ਝੱਗ ਨੂੰ ਰੋਕਣ ਦੇ ਗੁਣ ਹੁੰਦੇ ਹਨ ਸੋ ਇਹ ਅਫਰੇਵੇ ਨੂੰ ਘਟਾਉਂਦਾ ਹੈ।

2. **ਸਰੋਂ ਦਾ ਤੇਲ, ਹਿੰਗ ਅਤੇ ਲਸਣ ਦੇਣਾ :** ਅਫਰੇਵਾਂ ਹੋਣ ਦੀ ਸੂਰਤ ਵਿੱਚ ਕੁਝ ਇਲਾਕਿਆਂ ਵਿੱਚ ਸਰੋਂ ਦਾ ਤੇਲ, ਹਿੰਗ ਅਤੇ ਲਸਣ ਮਿਲਾ ਕੇ ਖੁਆਇਆ ਜਾਂਦਾ ਹੈ।

**ਵਿਗਿਆਨਕ ਅਧਾਰ :** ਸਰੋਂ ਦਾ ਤੇਲ ਝੱਗ ਬਨਣ ਨੂੰ ਰੋਕਦਾ ਹੈ, ਹਿੰਗ ਪਾਚਨ ਸ਼ਕਤੀ ਨੂੰ ਦਰੁੱਸਤ ਕਰਦੀ ਹੈ ਲਸਣ ਵਿੱਚ ਰੋਗਾਣੂ ਨਾਸ਼ਕ ਗੁਣ ਹੋਣ ਦੇ ਨਾਲ-ਨਾਲ ਪੀੜ ਨਿਵਾਰਕ ਗੁਣ ਵੀ ਹੁੰਦੇ ਹਨ ਕਈ ਵਾਰ ਉਪਰੋਕਤ ਮਿਸ਼ਰਣ ਵਿੱਚ ਮੇਥੀ, ਹਲਦੀ, ਜਵੈਨ ਵੀ ਪਾ ਦਿੱਤੀ ਜਾਂਦੀ ਹੈ।

**ਚਿਤਾਵਨੀ :** ਜ਼ਿਆਦਾ ਮਾਤਰਾ ਵਿੱਚ ਦਿੱਤਾ ਗਿਆ ਤੇਲ ਹਾਨੀਕਾਰਕ ਹੋ ਸਕਦਾ ਹੈ।

3. **ਸੁੰਢ ਛਾਣ ਕੇ ਅੱਖ ਵਿੱਚ ਪਾ ਦੇਣਾ :** ਪਸ਼ੂ ਪਾਲਕਾਂ ਅਨੁਸਾਰ ਇਸ ਨਾਲ ਪਸ਼ੂ ਖੁਲ ਕੇ ਪੇਸ਼ਾਬ ਤੇ ਗੋਹਾ ਕਰ ਦਿੰਦਾ ਹੈ ਜਿਸ ਨਾਲ ਉਸਦਾ ਅਫਾਰਾ ਵੀ ਉਤਰ ਜਾਂਦਾ ਹੈ ।

4. **ਅਫਰੇਵੇ ਵਾਲੇ ਜਾਨਵਰ ਨੂੰ ਮਿੱਟੀ ਦਾ ਤੇਲ ਸੁੰਘਾਉਣਾ :** ਜ਼ਿਆਦਾ ਫਲੀਦਾਰ ਚਾਰੇ ਨਾਲ ਹੋਏ ਅਫਰੇਵੇਂ ਵਿੱਚ ਪਸ਼ੂ ਨੂੰ ਮਿੱਟੀ ਦਾ ਤੇਲ ਸੁੰਘਾਇਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਜਿਵੇਂ ਹੀ ਮਿੱਟੀ ਦੇ ਤੇਲ ਦੀ ਬੋ ਪਸ਼ੂ ਦੇ ਅੰਦਰ ਜਾਂਦੀ ਹੈ ਤਾਂ ਉਝਰੀ ਵਿੱਚ ਬਣੀ ਹੋਈ ਗੈਸ ਬਾਹਰ ਨਿਕਲ ਜਾਂਦੀ ਹੈ। ਕਈ ਵਾਰ ਜੁੱਤੀ ਵੀ ਸੁੰਘਾਈ ਜਾਂਦੀ ਹੈ।

5. **ਪੀਲੇ ਲੱਡੂ ਖੁਆਉਣੇ :** ਕਈ ਇਲਾਕਿਆਂ ਵਿੱਚ ਪਸ਼ੂ ਨੂੰ ਅਫਾਰਾ ਹੋਣ ਦੀ ਸੂਰਤ ਵਿੱਚ ਪੀਲੇ ਲੱਡੂ ਲੱਗਭਗ ਅੱਧਾ ਕਿਲੋ ਖੁਆਏ ਜਾਂਦੇ ਹਨ।

ਅਫਾਰਾਂ ਕਈ ਕਾਰਨਾਂ ਕਰਕੇ ਹੋ ਸਕਦਾ ਹੈ ਜਿਵੇਂ ਕਿ ਮਿਹਦੇ ਵਿੱਚ ਜ਼ਿਆਦਾ ਗੈਸ ਬਨਣੀ, ਗੈਸ ਬਾਹਰ ਨਿਕਲਣ



Scanned by CamScanner

ਵਾਲੀ ਪ੍ਰਣਾਲੀ ਵਿੱਚ ਰੁਕਾਵਟ, ਭੋਜਨ ਨਲੀ ਵਿੱਚ ਸ਼ਲਗਮ, ਗਿੱਟਕ ਆਦਿ ਦਾ ਫਸਣਾ । ਪੀਲੇ ਲੱਡੂ ਨਿਸ਼ਾਸਤੇ ਦਾ ਵਧੀਆ ਸ੍ਰੋਤ ਹਨ ਤੇ ਅਫਰੇਵੇਂ ਵਿੱਚ ਇਸ ਨੂੰ ਦੇਣਾ ਮਤਲਬ ਗੈਸ ਦੀ ਪੈਦਾਵਾਰ ਨੂੰ ਹੋਰ ਵਧਾਉਣਾ। ਇਸ ਨਾਲ ਅਫਰੇਵਾਂ ਹੋਰ ਵੱਧ ਸਕਦਾ ਹੈ ।

6. **ਅਫਾਰੇ ਵਾਲੇ ਪਸ਼ੂ ਨੂੰ ਤੋਰਨਾ** : ਕਈ ਪਸ਼ੂ ਪਾਲਕ ਅਫਾਰੇ ਵਾਲੇ ਪਸ਼ੂ ਨੂੰ ਕਈ ਕਿਲੋਮੀਟਰ (2-3) ਤੱਕ ਤੁਰਾਉਂਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਪਸ਼ੂ ਦਾ ਹਾਜ਼ਮਾ ਦਰੁੱਸਤ ਹੋ ਜਾਵੇਗਾ ।

ਤੁਰਨ ਨਾਲ ਖ਼ੂਨ ਦਾ ਦੋਰਾ ਤੇਜ਼ ਹੋ ਜਾਂਦਾ ਹੈ ਜਿਹੜਾ ਕਿ ਪਸ਼ੂ ਦੇ ਸਰੀਰ ਵਿੱਚ ਵਧੀ ਹੋਈ ਊਰਜਾ ਦੀ ਖਪਤ ਨੂੰ ਪੂਰਾ ਕਰਨ ਵਿੱਚ ਸਹਾਈ ਹੁੰਦਾ ਹੈ। ਇਸ ਨਾਲ ਪਸ਼ੂ ਦੇ ਮਿਹਦੇ ਵਿੱਚ ਖੁਰਾਕੀ ਤੱਤਾਂ ਦੇ ਜ਼ਜਬ ਹੋਣ ਦੀ ਪ੍ਰਕਿਰਿਆ ਵਿਚ ਵਾਧਾ ਹੋ ਸਕਦਾ ਹੈ। ਜਿਸ ਨਾਲ ਕੁੱਝ ਹੱਦ ਤੱਕ ਅਫਰੇਵਾਂ ਘੱਟ ਸਕਦਾ ਹੈ।

7. **ਕੋਲਾ ਖੁਆਉਣਾ** : ਕੁਝ ਪਸ਼ੂ ਪਾਲਕ ਪਸ਼ੂ ਨੂੰ ਅਫਰੇਵਾਂ ਹੋਣ ਦੀ ਸੂਰਤ ਵਿੱਚ ਪੀਸਿਆਂ ਹੋਇਆ ਕੋਲਾ ਖੁਆ ਦਿੰਦੇ ਹਨ।

**ਵਿਗਿਆਨਕ ਆਧਾਰ** : ਕੋਲਾ ਚਾਰਕੋਲ ਹੁੰਦਾ ਹੈ ਜਿਸ ਵਿੱਚ ਕੁੱਝ ਗੈਸਾਂ, ਰਸਾਇਣਾ ਤੇ ਫਫੂੰਦੀ ਜ਼ਹਿਰਾਂ ਨੂੰ ਸੋਖਣ ਦਾ ਗੁਣ ਹੁੰਦਾ ਹੈ ਸੋ ਕੁਝ ਤੱਕ ਇਹ ਅਫਰੇਵਾਂ ਘੱਟ ਕਰ ਸਕਦਾ ਹੈ ਪਰ ਇਸਦਾ ਜ਼ਿਆਦਾ ਫਾਇਦਾ ਜ਼ਹਿਰਬਾਦ ਵਾਲੇ ਕੇਸਾ ਵਿੱਚ ਹੁੰਦਾ ਹੈ।

8. **ਗੁੜ, ਜਵੈਨ, ਸੋਫ ਤੇ ਹਿੰਗ ਦਾ ਮਿਸ਼ਰਣ ਦੇਣਾ** : ਕਈ ਵਾਰ ਪਸ਼ੂਆਂ ਨੂੰ ਇਹਨਾਂ ਚੀਜ਼ਾ ਦਾ ਪਾਇਆ ਕੁ ਦਾ ਮਿਸ਼ਰਣ ਬਣਾ ਦੇ ਦਿੱਤਾ ਜਾਂਦਾ ਹੈ, ਜ਼ਿਆਦਾਤਰ ਬਦਹਜ਼ਮੀ ਤੇ ਅਫਾਰੇ ਦੇ ਕੇਸਾਂ ਵਿੱਚ ਦਿੱਤਾ ਜਾਂਦਾ ਹੈ। ਪੁਰਾਤਨ ਸਮੇਂ ਤੋਂ ਗੁੜ ਸੋਫ ਨੂੰ ਹਾਜ਼ਮਾਵਰਧਿਕ ਮੰਨਿਆ ਗਿਆ ਹੈ ਹਾਲੇ ਵੀ ਕਈ ਬਜ਼ੁਰਗ ਰੋਟੀ ਪਿਛੋਂ ਗੁੜ ਸੋਫ ਖਾਣਾ ਪਸੰਦ ਕਰਦੇ ਹਨ। ਪਸ਼ੂ ਦੇ ਪਹਿਲੇ ਮਿਹਦੇ ਵਿੱਚ ਥੋੜੀ ਮਾਤਰਾ ਵਿੱਚ ਦਿੱਤਾ ਗੁੜ ਪਾਚਨ ਕਿਰਿਆ ਨੂੰ ਵਧਾਉਣ ਵਿੱਚ ਸਹਾਈ ਹੁੰਦਾ ਹੈ ਬਾਕੀ ਜਵੈਨ, ਸੋਫ ਤੇ ਹਿੰਗ ਪਾਚਨ ਪ੍ਰਣਾਲੀ ਨੂੰ ਦਰੁੱਸਤ ਰੱਖਦੇ ਹਨ।

9. **ਟਮਾਟਰ ਖੁਆਉਣੇ** : ਮਾਝੇ ਦੇ ਇਲਾਕੇ ਵਿੱਚ ਕਿਤੇ ਕਿਤੇ ਪਸ਼ੂ ਪਾਲਕ ਪਸ਼ੂ ਨੂੰ ਅਫਾਰਾ ਹੋਣ ਦੀ ਸੂਰਤ ਵਿੱਚ 2-3 ਕਿਲੋ ਟਮਾਟਰ ਖੁਆ ਕੇ ਫਿਰ ਉਸ ਨੂੰ ਦੌੜਾਂਦੇ ਹਨ।

ਕਈ ਵਾਰ ਦੌੜਨ ਨਾਲ ਗੈਸ ਨਿਕਲ ਵੀ ਜਾਂਦੀ ਹੈ।

10. **ਕੁੱਖ ਪਾੜਣੀ**: ਕਈ ਵਾਰ ਪਿੰਡਾਂ ਵਿਚਲੇ ਸਿਆਣੇ ਪਸ਼ੂ ਦੀ ਕੁੱਖ ਪਾੜ ਦਿੰਦੇ ਹਨ।

ਕੁੱਖ ਪਾੜਣ ਦੀ ਉਦੋ ਸ਼ਿਫਾਰਸ਼ ਕੀਤੀ ਜਾਂਦੀ ਹੈ ਜਦੋ ਅਫਰੇਵੇਂ ਕਰਕੇ ਪਸ਼ੂ ਬਹੁਤ ਮਾੜੀ ਸਥਿਤੀ ਵਿੱਚ ਹੋਵੇ ਉਸ ਨੂੰ ਸਾਹ ਲੈਣ ਵਿੱਚ ਪ੍ਰਸ਼ਾਨੀ ਹੋਰ ਹੀ ਹੋਵੇ ਤਾ ਉਸ ਦੀ ਜਾਨ ਬਚਾਉਣ ਦੀ ਖਾਤਰ ਇਹ ਕਦਮ ਚੁੱਕਿਆ ਜਾਦਾ ਹੈ। ਪਰ ਗਲਤ ਸਮੇਂ, ਤੇ ਗਲਤ ਤਰੀਕੇ ਨਾਲ ਕੁੱਖ ਪਾੜਣ ਨਾਲ ਪਸ਼ੂ ਦੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ ।ਹਮੇਸ਼ਾ ਡਾਕਟਰ ਦੀ ਸਲਾਹ ਲਵੋ।

11. **ਤਾਰਪੀਨ ਦਾ ਤੇਲ** : ਕਈ ਕਿਸਾਨ ਅਫਰੇਵੇ ਦੇ ਹਾਲਤ ਵਿਚ ਪਸ਼ੂ ਨੂੰ ਤਾਰਪੀਨ ਦਾ ਤੇਲ ਪਿਲਾ ਦਿੰਦੇ ਹਨ। ਤਾਰਪੀਨ ਦਾ ਤੇਲ ਉਸ ਅਫਰੇਵੇ ਵਿਚ ਵੱਧ ਅਸਰ ਕਰਦਾ ਹੈ ਜਿਸ ਵਿਚ ਅਫਰੇਵੇਂ ਨਾਲ ਝੱਗ ਵੀ ਹੁੰਦੀ ਹੈ । ਪਰ ਤਾਰਪੀਨ ਦਾ ਤੇਲ 20-30 ਮਿਲੀਲੀਟਰ ਤੋਂ ਜ਼ਿਆਦਾ ਨਹੀਂ ਦੇਣਾ ਚਾਹੀਦਾ ।



Scanned by CamScanner

# 5. ਅੱਖਾਂ ਦੀ ਬੀਮਾਰੀ, ਪੂਛ ਨੂੰ ਕੁੰਗੀਂ ਲਗਣਾ ਤੇ ਬਦਹਜ਼ਮੀ ਸਬੰਧੀ

## 13. ਅੱਖਾਂ ਦੀ ਬੀਮਾਰੀ

**1. ਫਿਟਕੜੀ ਨਾਲ ਧੋਣਾ :** ਅੱਖਾਂ ਦੀ ਬੀਮਾਰੀ, ਅੱਖਾਂ ਵਿੱਚ ਗਿੱਡਾਂ ਦਾ ਆਉਣਾ ਜਾਂ ਲਾਲੀ ਆਉਣ ਦੀ ਸੂਰਤ ਵਿੱਚ ਅੱਖਾਂ ਨੂੰ ਫਿਟਕੜੀ ਵਾਲੇ ਪਾਣੀ ਨਾਲ ਧੋਤਾ ਜਾਂਦਾ ਹੈ ਜਾਂ ਛੱਟੇ ਮਾਰੇ ਜਾਂਦੇ ਹਨ।

**ਵਿਗਿਆਨਕ ਅਧਾਰ :** ਫਿਟਕੜੀ ਰੋਗਾਣੂ ਨਾਸ਼ਕ ਹੁੰਦੀ ਹੈ। ਸੋਜ ਤੇ ਲਾਗ ਨੂੰ ਘੱਟ ਕਰਦੀ ਹੈ।

**2. ਅੱਖ ਚੁਬਣ ਵਾਲੀ ਸਥਿਤੀ ਵਿੱਚ :** ਕਈ ਵਾਰ ਪਸ਼ੂ ਦੀ ਅੱਖ ਵਿੱਚ ਲਗਾਤਾਰ ਪਾਣੀ ਵਗਦਾ ਰਹਿੰਦਾ ਹੈ ਤੇ ਉਹ ਲਾਲ ਰੰਗ ਦੀ ਹੋ ਜਾਂਦੀ ਹੈ। ਇਸ ਹਾਲਤ ਵਿੱਚ ਪਸ਼ੂ ਪਾਲਕ ਲੂਣ ਵਾਲੇ ਪਾਣੀ ਦੇ ਛਿੱਟੇ ਮਾਰਦੇ ਹਨ।

ਲੂਣ ਜਰਮ ਰੋਧਕ ਹੁੰਦਾ ਹੈ ਸੋ ਥੋੜੀ ਬਹੁਤ ਹੱਦ ਤੱਕ ਅੱਖ ਠੀਕ ਵੀ ਹੋ ਸਕਦੀ ਹੈ ਪਰ ਅੱਖ ਦਾ ਸਵਾਲ ਹੈ ਜਿੰਨ੍ਹੀ ਜਲਦੀ ਹੋ ਸਕੇ ਨੇੜੇ ਦੇ ਪਸ਼ੂ ਹਸਪਤਾਲ ਵਿੱਚ ਦਿਖਾਓ ।

**3. ਅੱਖਾਂ ਵਿੱਚ ਧੁੰਦਲਾਪਣ ਆਉਣ ਤੇ :** ਕਈ ਵਾਰ ਪਸ਼ੂ ਦੀ ਅੱਖ ਵਿੱਚ ਚਿੱਟੀ ਝਿੱਲੀ ਜਿਹੀ ਬਣ ਜਾਂਦੀ ਹੈ ਜਾਂ ਕਹਿ ਲਵੋਂ ਬਈ ਮੋਤਿਆ ਬਿੰਦ ਵਾਂਗ ਹੋ ਜਾਂਦਾ ਹੈ। ਅਜਿਹੀ ਹਾਲਤ ਵਿੱਚ ਕੁੱਝ ਪਸ਼ੂ ਪਾਲਕ ਸ਼ੀਸ਼ਾ ਲੂਣ ਅਤੇ ਕਲਮੀ ਸ਼ੋਰਾ ਰਗੜ ਕੇ ਪਾਣੀ ਵਿੱਚ ਮਿਲਾ ਕੇ (ਕਈ ਵਾਰ ਸਰੀਂ ਦੇ ਪੱਤੇ ਵੀ ਪਾ ਲਏ ਜਾਂਦੇ ਹਨ) ਫਿਰ ਉਸ ਨਾਲ ਅੱਖ ਨੂੰ ਧੋਂਦੇ ਹਨ ਉਹਨਾਂ ਦਾ ਮੰਨਣਾ ਹੈ ਇਸ ਨਾਲ ਅੱਖ ਠੀਕ ਹੋ ਜਾਂਦੀ ਹੈ। ਇਸ ਬਾਰੇ ਹਜ਼ੇ ਖੋਜ ਹੋਣਾ ਬਾਕੀ ਹੈ।

**4. ਅੱਖ ਵਿਚ ਚਿੱਟਾ ਪੈਣਾ :** ਅਜਿਹੇ ਕੇਸਾਂ ਵਿਚ ਪਸ਼ੂ ਪਾਲਕ ਥੋੜੀ ਜਿਹੀ ਖੰਡ ਆਪਣੇ ਮੂੰਹ ਵਿਚ ਲੈ ਕੇ ਗਿਲੀ ਕਰ ਲੈਂਦੇ ਹਨ । ਇਸ ਉਪਰੰਤ ਇਸ ਦਾ ਫੁਟਕੜਾ ਅੱਖ ਵਿਚ ਮਾਰਿਆ ਜਾਂਦਾ ਹੈ । ਪਸ਼ੂ ਪਾਲਕਾਂ ਦਾ ਮੰਨਣਾ ਹੈ ਬਈ ਇਸ ਨਾਲ ਅੱਖ ਠੀਕ ਹੋ ਜਾਵੇਗੀ । ਇਹ ਟੋਟਕਾ ਹੁਣ ਸਿਰਫ ਬਜੁਰਗ ਪਸ਼ੂ ਪਾਲਕਾਂ ਨੂੰ ਹੀ ਪਤਾ ਹੈ ।

## 14. ਪੂਛ ਨੂੰ ਬਾਹਮਣੀ/ਕੁੰਗੀਂ ਲੱਗਣਾ (ਪੂਛ ਦਾ ਸੁੱਕਣਾ)

**1. ਸਰੋਂ ਦੇ ਤੇਲ ਵਿੱਚ ਹਲਦੀ ਮਿਲਾ ਕੇ ਲਾਉਣਾ:** ਪੂਛ ਨੂੰ ਸੁਕਣ ਦੀ ਬੀਮਾਰੀ ਲਗਣ ਦੀ ਹਾਲਤ ਵਿੱਚ ਪਸ਼ੂ ਪਾਲਕ ਸਰੋਂ ਦੇ ਤੇਲ ਵਿੱਚ ਹਲਦੀ ਮਿਲਾ ਕੇ ਪੂਛ ਤੇ ਲਗਾਉਂਦੇ ਹਨ।

**ਵਿਗਿਆਨਕ ਅਧਾਰ :** ਹਲਦੀ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਹਨ ਤੇ ਸਰੋਂ ਦਾ ਤੇਲ ਸੋਜਿਸ਼ ਨੂੰ ਘੱਟ ਕਰਦਾ ਹੈ।

**2. ਗਰਮ-ਗਰਮ ਤੇਲ ਵਿਚ ਡੁਬੋ ਦੇਣਾ :** ਕਈ ਵਾਰ ਬਾਹਮਣੀ ਲੱਗਣ ਦੀ ਸੂਰਤ ਵਿੱਚ ਪਸ਼ੂ ਪਾਲਕ ਪੂਛ ਨੂੰ ਸੜਦੇ ਹੋਏ ਗਰਮ ਤੇਲ ਵਿੱਚ ਡੁਬੋ ਦਿੰਦੇ ਹਨ।

**ਵਿਗਿਆਨਕ ਅਧਾਰ :** ਗਰਮ-ਗਰਮ ਤੇਲ ਵਿੱਚ ਪੂਛ ਡੁਬੋਨ ਨਾਲ ਪੂਛ ਦਾ ਸੁਕਿਆ ਹੋਇਆਂ ਸਿਰਾ ਸੜ ਜਾਂਦਾ ਹੈ ਤੇ ਨਾਲ ਹੀ ਰੋਗਾਣੂ ਵੀ ਨਸ਼ਟ ਹੋ ਜਾਦੇ ਹਨ ਤੇ ਇਹ ਬੀਮਾਰੀ ਅੱਗੇ ਵੱਧਣੋ ਹੱਟ ਜਾਂਦੀ ਹੈ ਤੇ ਬਾਕੀ ਪੂਛ ਬਚ ਜਾਂਦੀ ਹੈ ਕਈ ਵਾਰ ਸੁਕੇ ਹੋਏ ਹਿੱਸੇ ਨੂੰ ਟੋਕੇ ਨਾਲ ਕੱਟ ਕੇ ਵੀ ਗਰਮ-ਗਰਮ ਤੇਲ ਵਿੱਚ ਡੁਬੋ ਦਿੱਤਾ ਜਾਂਦਾ ਹੈ ਜਿਸ ਨਾਲ ਵੀ ਬਾਕੀ ਪੂਛ ਬਚ ਜਾਂਦੀ ਹੈ। ਪਰ ਇਹ ਕਾਫੀ ਤਕਲੀਫ ਦੇਹ ਹੁੰਦਾ ਹੈ ।



Scanned by CamScanner

**3. ਮੁਲਤਾਨੀ ਮਿੱਟੀ ਲਾਉਣੀ :** ਕੁੱਝ ਪਸ਼ੂ ਪਾਲਕ ਕੁੰਗੀਂ ਰੋਗ (ਬਾਹਮਣੀ ਲੱਗਣੀ) ਹੋਣ ਤੇ ਪੂਛ ਤੇ ਮੁਲਤਾਨੀ ਮਿੱਟੀ ਮਲ ਦਿੰਦੇ ਹਨ। ਇਸ ਟੋਟਕੇ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ।

**4. ਮੁਸ਼ਕ ਕਪੂਰ ਦਾ ਤੇਲ ਲਾਉਣਾ :** ਕਈ ਵਾਰੀ ਪਸ਼ੂ ਪਾਲਕ ਪੂਛ ਨੂੰ ਬਾਹਮਣੀ ਲਗਣ ਦੀ ਸੂਰਤ ਵਿੱਚ ਪੂਛ ਨੂੰ ਗਰਮ ਪਾਣੀ ਨਾਲ ਧੋ ਕੇ ਉਸ ਤੇ ਮੁਸ਼ਕ ਕਪੂਰ ਦਾ ਤੇਲ ਲਾ ਦਿੰਦੇ ਹਨ।

**ਵਿਗਿਆਨਕ ਅਧਾਰ :** ਮੁਸ਼ਕ ਕਪੂਰ ਵਿੱਚ ਕੁਝ ਜਰਮ ਰੋਧਕ ਗੁਣ ਪਾਏ ਜਾਂਦੇ ਹਨ।

☛ **ਨੋਟ :** ਪੂਛ ਨੂੰ ਬਾਹਮਣੀ ਲੱਗਣ ਦੀ ਸੂਰਤ ਵਿੱਚ ਕਿਸੇ ਮਾਹਿਰ ਡਾਕਟਰ ਕੋਲੋ ਉਸਦਾ ਇਲਾਜ ਕਰਵਾਉ ਜਾ ਕਟਵਾ ਲਉ ।

## 15. ਬਦਹਜ਼ਮੀ

**1. ਹਿੰਗ ਅਜਵੈਨ ਦੇਣਾ :** ਲਗਭਗ ਸਾਰੇ ਹੀ ਪੰਜਾਬ ਵਿੱਚ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਹਿੰਗ ਜਵੈਨ ਦਿੰਦੇ ਰਹਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਪਸ਼ੂ ਦੀ ਪਾਚਣ ਸ਼ਕਤੀ ਦਰੁੱਸਤ ਰਹਿੰਦੀ ਹੈ।

**ਵਿਗਿਆਨਕ ਅਧਾਰ :** ਹਿੰਗ ਅਤੇ ਜਵੈਨ ਪਾਚਣ ਪ੍ਰਣਾਲੀ ਦੀ ਕਿਰਿਆਵਾ ਨੂੰ ਦਰੁੱਸਤ ਰੱਖਦੇ ਹਨ/ਭੁੱਖ ਵਧਾਉਂਦੇ ਹਨ ।

**2. ਕਾਲਾ ਨਮਕ ਜਾਂ ਪਾਕਿਸਤਾਨੀ ਨਮਕ ਖੁਰਲੀ ਵਿੱਚ ਰੱਖਣਾ :** ਕਾਲੇ ਨਮਕ ਦਾ ਜਾਂ ਪਾਕਿਸਤਾਨੀ ਲੂਣ ਦਾ ਢੇਲਾ ਮੱਝਾਂ/ਗਾਵਾਂ ਦੀ ਖੁਰਲੀ ਵਿੱਚ ਰੱਖਿਆ ਜਾਂਦਾ ਹੈ ਤੇ ਪਸ਼ੂ ਇਸ ਨੂੰ ਆਪਣੀ ਲੋੜ ਅਨੁਸਾਰ ਚੱਟਦੇ ਰਹਿੰਦੇ ਹਨ।

**ਵਿਗਿਆਨਕ ਅਧਾਰ :** ਨਮਕ ਵਿੱਚ ਸੋਡੀਅਮ ਅਤੇ ਕਲੋਰੀਨ ਨਾਂ ਦੀਆਂ ਧਾਤਾਂ ਹੁੰਦੀਆਂ ਹਨ। ਕਾਲੇ ਨਮਕ ਵਿੱਚ ਇਹ ਦੋਨਾਂ ਤੋਂ ਇਲਾਵਾ ਹੋਰ ਵੀ ਕਈ ਧਾਤਾਂ ਹੁੰਦੀਆਂ ਹਨ। ਇਹ ਧਾਤਾ ਪਾਚਨ ਪ੍ਰਣਾਲੀ ਨੂੰ ਦਰੁੱਸਤ ਰੱਖਦੀਆਂ ਹਨ। ਕਲੋਰੀਨ ਮਹਿਦੇ ਵਿੱਚ ਹਾਈਡਰੋ-ਕਲੋਰਿਕ ਤੇਜ਼ਾਬ ਲਈ ਚਾਹੀਦਾ ਹੁੰਦਾ ਹੈ ਜੋ ਅੱਗੇ ਪਾਚਕ ਰਸਾਂ ਨੂੰ ਕਿਰਿਆਸ਼ੀਲ ਕਰਕੇ ਹਾਜ਼ਮਾ ਵਧਾਉਂਦਾ ਹੈ।



Scanned by CamScanner

## 16. ਹੋਰ ਧਾਰਨਾਵਾਂ

**1. ਚੋਣ ਵੇਲੇ ਪਹਿਲੀਆਂ ਧਾਰਾਂ ਧਰਤੀ ਤੇ ਸੁੱਟਣੀਆਂ** : ਆਮ ਤੌਰ ਪੰਜਾਬ ਵਿੱਚ ਔਰਤਾਂ ਦੁੱਧ ਚੋਣ ਵੇਲੇ ਪਹਿਲੀਆਂ ਕੁਝ ਧਾਰਾਂ ਥੱਲੇ ਧਰਤੀ ਤੇ ਸੁੱਟ ਦਿੰਦੀਆਂ ਹਨ ਜਾ ਕਹਿ ਲਵੋ ਧਰਤੀ ਮਾਂ ਨੂੰ ਅਰਪਿਤ ਕਰਦੀਆਂ ਹਨ।

**ਵਿਗਿਆਨਕ ਅਧਾਰ** : ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਸ਼ੁਰੂ ਵਾਲੀਆਂ ਧਾਰਾਂ ਵਿੱਚ ਕੀਟਾਣੂਆਂ ਦੀ ਗਿਣਤੀ ਵੱਧ ਹੁੰਦੀ ਹੈ ਸੋ ਇਹਨਾਂ ਨੂੰ ਸੁੱਟ ਦੇਣਾ ਚਾਹੀਦਾ ਹੈ ਪਰ ਇਸ ਨੂੰ ਮੱਝ ਥੱਲੇ ਧਰਤੀ ਤੇ ਨਾ ਸੁਟੋ ਕਿਉਂਕਿ ਇਹ ਕੀਟਾਣੂਆ ਲਈ ਵੱਧਣ ਦਾ ਸਬੱਬ ਬਣਦਾ ਹੈ ਤੇ ਜ਼ਿਆਦਾਤਰ ਪਸ਼ੂ ਉਸੇ ਜਗ੍ਹਾ ਤੇ ਬੈਠ ਜਾਂਦੇ ਹਨ ਜਿਸ ਨਾਲ ਉਹਨਾਂ ਵਿਚ ਥਣਾਂ ਦੇ ਰੋਗ ਹੋਣ ਦੀ ਸੰਭਾਵਨਾਂ ਜ਼ਿਆਦਾ ਹੁੰਦੀ ਹੈ।

**2. ਕੱਟੜੂ/ਵੱਛੜੂ ਦੇ ਕੰਨ ਕੱਟਣੇ ਬਈ ਇਸ ਨਾਲ ਕੱਟੜੂ ਵੱਛੜੂ ਮਰੇਗਾ ਨਹੀਂ** : ਕੁਝ ਲੋਕ ਜੰਮਦੇ ਕੱਟੜੂ ਵੱਛੜੂ ਦੇ ਕੰਨ ਨੂੰ ਇਕ ਪਾਸੇ ਤੋਂ ਕੱਟ ਦਿੰਦੇ ਹਨ ਇਹ ਸੋਚ ਕੇ ਕਿ ਇਸ ਨਾਲ ਕੱਟੜੂ - ਵੱਛੜੂ ਮਰੇਗਾ ਨਹੀਂ। ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ। ਸਗੋਂ ਜ਼ਖਮ ਹੋਣ ਨਾਲ ਕੱਟੜੂ-ਵੱਛੜੂ ਦੇ ਬੀਮਾਰ ਹੋਣ ਦੇ ਮੌਕੇ ਵੱਧ ਸਕਦੇ ਹਨ।

**3. ਬੌਹਲੀ ਨੂੰ ਫੂਕ ਨਹੀਂ ਮਾਰਨੀ ਅਖੇ ਕੱਟੜੂ-ਵੱਛੜੂ ਰੱਸਾ ਚੱਬਣ ਲੱਗ ਜਾਵੇਗਾ** : ਨਵੇਂ ਸੂਏ ਪਸ਼ੂ ਵਿੱਚ ਬੌਹੁਲੀ ਅਕਸਰ ਨਵਜਾਤ ਕੱਟੜੂ-ਵੱਛੜੂ ਦੀ ਜ਼ਰੂਰਤ ਨਾਲੋਂ ਜ਼ਿਆਦਾ ਬਣਦੀ ਹੈ ਤੇ ਇਹ ਅਕਸਰ ਪਸ਼ੂ ਪਾਲਕ ਵਲੋਂ ਗਰਮ ਕਰ ਕੇ (ਫੁੱਟੀਆਂ ਬਣਾ ਕੇ) ਪੀ ਲਈ ਜਾਂਦੀ ਹੈ। ਪਰ ਉਹ ਇਸ ਬੌਹੁਲੀ ਨੂੰ ਫੂਕ ਨਹੀਂ ਮਾਰਨ ਦਿੰਦੇ ਅਖੇ ਇਸ ਨਾਲ ਕੱਟੜੂ - ਵੱਛੜੂ ਰੱਸਾ ਚੱਬਣ ਲੱਗ ਜਾਵੇਗਾ । ਪਰ ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ। ਕੱਟੜੂ ਵੱਛੜੂ ਵਿੱਚ ਰੱਸਾ ਚੱਬਣਾ ਬੁਰੀ ਆਦਤ, ਖੁਰਾਕੀ ਤੱਤਾਂ ਦੀ ਘਾਟ ਜਾਂ ਫਿਰ ਪੇਟ ਵਿੱਚ ਕੀੜੇ ਹੋਣ ਕਰਕੇ ਹੋ ਸਕਦੀ ਹੈ।

**4. ਬਾਹਰਲਾ ਸਿੰਗ (ਖੋਲ) ਟੁੱਟ ਜਾਣ ਤੇ ਬਾਕੀ ਬਚੀ ਗੁੰਮੀ ਤੇ ਵਾਲ ਬੰਨ ਕੇ ਪੱਟੀ ਕਰਨੀ** : ਕਈ ਵਾਰ ਪਸ਼ੂਆਂ ਵਿੱਚ ਆਪਸ ਵਿੱਚ ਭਿੜਨ ਨਾਲ ਜਾਂ ਸੰਗਲ ਵਿੱਚ ਸਿੰਗ ਫਸਾ ਕੇ ਖਿੱਚਣ ਨਾਲ ਸਿੰਗ ਦਾ ਬਾਹਰਲਾ ਖੋਲ ਟੁੱਟ ਜਾਂਦਾ (Avulsion) ਹੈ। ਅਜਿਹੇ ਕੇਸਾਂ ਵਿੱਚ ਪਸ਼ੂ ਪਾਲਕ ਮਨੁੱਖੀ ਵਾਲਾਂ ਦਾ ਇਕ ਗੁੱਛਾ ਟੁੱਟੇ ਖੋਲ੍ਹ ਦੇ ਆਲੇ - ਦੁਆਲੇ ਬੰਨ ਦਿੰਦੇ ਸਨ। ਅਜਿਹਾ ਕੁੱਝ ਦਿਨਾਂ ਲਈ ਕੀਤਾ ਜਾਂਦਾ ਸੀ। ਇਸ ਨਾਲ ਕਈ ਕੇਸਾਂ ਵਿੱਚ ਸਿੰਗ ਦਾ ਖੋਲ ਜੁੜ ਜਾਂਦਾ ਸੀ।

ਵਿਗਿਆਨਕ ਤੌਰ ਤੇ ਟੁੱਟੇ ਹੋਏ ਬਾਹਰੀ ਖੋਲ ਨੂੰ ਪੱਟੀਆਂ ਨਾਲ ਬੰਨ੍ਹ ਕੇ ਸਥਿਰ ਕੀਤਾ ਜਾਂਦਾ ਹੈ ਜੇ ਉਹ ਜੁੜ ਜਾਵੇ ਤਾਂ ਠੀਕ ਹੈ ਨਹੀਂ ਤਾਂ ਆਪ੍ਰੇਸ਼ਨ ਕਰਕੇ ਸਿੰਗ ਕੱਟ ਦਿੱਤਾ ਜਾਂਦਾ ਹੈ।

☛ **ਨੋਟ:-** ਅਜਿਹੇ ਕੇਸਾਂ ਤੋਂ ਬਚਣ ਲਈ ਹੀ ਪਸ਼ੂਆਂ ਨੂੰ ਸਿੰਗ ਰਹਿਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ।

**5. ਦੁੱਧ ਵਧਾਉਣ ਲਈ**

i. ਜਲੇਬੀਆਂ ਦੀ ਚਾਸ਼ਣੀ (ਜਾਂ ਖੰਡ ਵੀ ਪਾ ਸਕਦੇ ਹਾਂ), ਤਾਰਾਮੀਰਾ, ਘਿਉ (ਦੇਸੀ ਜਾਂ ਡਾਲਡਾ) ਦੇਣਾ। ਇਥੇ ਵੀ ਉਪਰੋਕਤ ਟੋਟਕੇ ਰਾਹੀਂ ਪਸ਼ੂ ਨੂੰ ਨਿਸ਼ਾਸ਼ਤਾ, ਪ੍ਰੋਟੀਨ ਅਤੇ ਚਿਕਨਾਈ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਵਾਰ ਪਸ਼ੂ ਇਹਨਾਂ ਖੁਰਾਕੀ ਤੱਤਾਂ ਦੀ ਘਾਟ ਨਾਲ ਦੁੱਧ ਨਹੀਂ ਵੱਧਦਾ ਪਰੰਤੂ ਜਦੋਂ ਇਹਨਾਂ ਨੂੰ ਜ਼ਰੂਰਤ ਪੂਰੀ ਹੋ ਜਾਂਦੀ ਹੈ ਤਾਂ ਪਸ਼ੂ ਆਪਣੇ ਜੱਦੀ ਗੁਣਾਂ ਅਨੁਸਾਰ ਦੁੱਧ ਦੇ ਸਕਦਾ ਹੈ।



Scanned by CamScanner

**ii.** ਤਾਰਾਮੀਰਾ+ਮਸਰ+ਛੋਲਿਆਂ ਦੀ ਦਾਲ+ਅਲਸੀ+ਸੌਂਫ+ਸੋਏ (100 ਗ੍ਰਾਮ ਹਰੇਕ)+ਮੋਟੀ ਇਲਾਇਚੀ ਦੇ ਦਾਣੇ (50 ਗ੍ਰਾਮ)+ਧੋਲਾ ਜੀਰਾ (20 ਗ੍ਰਾਮ) + ਦੇਸੀ ਘਿਉ - ਇਹਨਾਂ ਨੂੰ ਉਬਾਲ ਕੇ ਕਾੜ੍ਹਾ ਬਣਾ ਕੇ (ਲਗਭਗ 1 ਕਿਲੋ) ਦੇਣਾ । ਇਸ ਨੁਸਖੇ ਰਾਹੀਂ ਪਸ਼ੂ ਨੂੰ ਖੁਰਾਕੀ ਤੱਤਾਂ ਦੇ ਨਾਲ - ਨਾਲ ਔਸਧੀਆਂ ਦੇ ਰੂਪ ਵਿੱਚ ਕਈ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਕੁਝ ਅਣਲੱਭੇ ਅਧਾਰਾ ਕਰਕੇ ਪਸ਼ੂ ਦੀ ਪਾਚਣ ਪ੍ਰਣਾਲੀ ਦਰੁਸਤ ਹੋ ਜਾਂਦੀ ਹੈ ਤੇ ਭੁੱਖ ਖੁੱਲ ਜਾਂਦੀ ਹੈ । ਪਸ਼ੂ ਜਿਆਦਾ ਖਾਦਾ ਹੈ ਤੇ ਉਸ ਦਾ ਦੁੱਧ ਉਤਪਾਦਨ ਵੀ ਵੱਧ ਜਾਦਾ ਹੈ।

iii. **ਜੀਰਾ ਸੌਂਫ ਦਾ ਮਿਸ਼ਰਣ ਦੇਣਾ** : ਇਸ ਟੋਟਕੇ ਵਿੱਚ ਲੱਗਭਗ ਅੱਧਾ ਕਿਲੋ ਚਿੱਟਾ ਜੀਰਾ ਅਤੇ 1 ਕਿਲੋ ਸੌਂਫ ਨੂੰ ਰਗੜਦੇ ਹਨ। ਇਸ ਮਿਸ਼ਰਣ ਦੀਆਂ 1-2 ਮੁੱਠੀਆਂ ਰੋਜ਼ਾਨਾ ਅੱਧਾ ਕਿਲੋ ਦੁੱਧ ਨਾਲ ਪਸ਼ੂ ਨੂੰ ਦਿੱਤੀਆਂ ਜਾਂਦੀਆਂ ਸਨ।

iv. ਸਫੈਦ ਮੂਸਲੀ + ਸਤਾਵਰੀ +ਭੱਖੜਾ +ਜਟਾਂਮਾਸੀ ਤੇ ਕੰਬੋਜੀ ਆਦਿ ਨੂੰ ਮਿਲ ਕੇ ਦਿੰਦੇ ਹਨ।

ਇਹ ਸਾਰੀਆਂ ਆਯੁਰਵੈਦਿਕ ਵਿਚ ਵਰਤੀਆਂ ਜਾਣ ਵਾਲੀਆਂ ਚੀਜਾਂ ਹਨ ਜਿਨਾਂ ਬਾਰੇ ਇਹ ਮੰਨਣਾ ਹੈ ਬਈ ਇਹ ਪਸ਼ੂ ਨੂੰ ਸਿਹਤਮੰਦ ਰੱਖਦੀਆਂ ਹਨ, ਭੁੱਖ ਖੋਲਦੀਆਂ ਹਨ ਤੇ ਪਸ਼ੂ ਦਾ ਦੁੱਧ ਵੱਧ ਜਾਂਦਾ ਹੈ ।

v. **ਲਸਣ ਦਾ ਕਾੜ੍ਹਾ ਦੇਣਾ** : ਸੂਣ ਤੋਂ 4-5 ਦਿਨ ਬਾਅਦ ਪਸ਼ੂ ਨੂੰ ਲ਼ਸਣ ਦਾ ਕਾੜਾ ਜਿਸ ਵਿਚ ਲਗਭਗ 125 ਗ੍ਰਾਮ ਲਸਣ, 125 ਗ੍ਰਾਮ ਘਿਓ, 250 ਗ੍ਰਾਮ ਖੰਡ/ਸ਼ੱਕਰ ਤੇ 2 ਕਿਲੋ ਦੁੱਧ ਹੁੰਦਾ ਹੈ ਦਿੱਤਾ ਜਾਂਦਾ ਹੈ । ਇਸ ਨਾਲ ਪਸ਼ੂ ਦੁੱਧ ਵੱਧ ਜਾਂਦਾ ਹੈ ।

☛ **ਉਪਰੋਕਤ ਤਰੀਕੇ ਰਾਹੀ ਪਸ਼ੂ ਨੂੰ ਲਗਭਗ ਸਾਰੇ ਖੁਰਾਕੀ ਤੱਤ ਜਿਵੇਂ ਕਿ ਘਿਉ ਤੋਂ ਊਰਜਾ, ਖੰਡ ਤੋਂ ਊਰਜਾ, ਦੁੱਧ ਤੋਂ ਪ੍ਰੋਟੀਨ, ਧਾਤਾਂ ਆਦਿ ਮਿਲ ਜਾਂਦੀਆ ਹਨ ਤੇ ਦੂਸਰਾ ਲੱਸਣ ਵਿਚ ਕੁਝ ਰੋਗਾਣੂ ਨਾਸ਼ਕ ਸ਼ਕਤੀਆਂ ਪਾਈਆਂ ਜਾਂਦੀਆਂ ਹਨ। ਸੋ ਇਹਨਾਂ ਸਾਰਿਆਂ ਦੀ ਬਦੋਲਤ ਪਸ਼ੂ ਦਾ ਦੁੱਧ ਵੱਧ ਜਾਂਦਾ ਹੈ । ਪਰ ਜ਼ਿਆਦਾ ਫਰਕ ਉਥੇ ਹੀ ਪਵੇਗਾ ਜਿੱਥੇ ਪਸ਼ੂ ਕਮਜ਼ੋਰ ਜਾਂ ਉਸ ਨੂੰ ਖੁਰਾਕੀ ਤੱਤ ਪੂਰੇ ਨਾ ਮਿਲ ਰਹੇ ਹੋਣ ।**

vi. **ਬਿਉਲ ਜਾਂ ਧੰਮਣ ਦੇ ਪੱਤੇ ਦੇਣਾ** : ਕਈ ਕਿਸਾਨਾਂ ਖਾਸ ਕਰਕੇ ਕੰਢੀ ਖੇਤਰ ਦੇ ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਬਿਉਲ ਜਾਂ ਧੰਮਣ ਰੁੱਖ ਦੇ ਪੱਤੇ ਪਸ਼ੂਆਂ ਨੂੰ ਖੁਆਉਣ ਨਾਲ ਦੁੱਧ ਵੱਧ ਜਾਂਦਾ ਹੈ ।

**ਵਿਗਿਆਨਕ ਅਧਾਰ** : ਬਿਉਲ ਜਾਂ ਧੰਮਣ ਰੁੱਖ ਇਕ ਚਾਰੇ ਵਾਲਾ ਰੁੱਖ ਹੈ । ਇਸ ਦੇ ਪੱਤੇ ਪਸ਼ੂਆਂ ਵਿਚ ਚਾਰੇ ਦੇ ਰੂਪ ਵਿਚ ਵਰਤੇ ਜਾਂਦੇ ਹਨ । ਪਰ ਇਹ ਪੱਤੇ ਦੇਣ ਨਾਲ ਦੁੱਧ ਦੀ ਪੈਦਾਵਾਰ ਵਿਚ ਕਿੰਨਾ ਵਾਧਾ ਹੁੰਦਾ ਹੈ ਜਾਂ ਨਹੀਂ, ਇਸ ਬਾਰੇ ਖੋਜ ਦੀ ਲੋੜ ਹੈ ।

**6. ਸੋਖੀ ਸੁਆਈ**

**I. ਹਾਲੋਂ ਦਾ ਕੜਾਹ ਦੇਂਣਾ** : ਇਸ ਲਈ ਪਾਈਆ ਹਾਲੋਂ ਪੀਸ ਕੇ ਪਾਈਆ ਘਿਉ ਤੇ ਖੰਡ ਨਾਲ ਕੜਾਹ ਬਣਾ ਲਿਆ ਜਾਂਦਾ ਹੈ । ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਪਸ਼ੂ ਦੇ ਸਰੀਰ ਵਿਚੋਂ ਖੁਸ਼ਕੀ ਨਿਕਲ ਜਾਂਦੀ ਹੈ ਤੇ ਸਰੀਰ ਢਿੱਲਾ ਪੈ ਜਾਂਦਾ ਹੈ ਤੇ ਪਸ਼ੂ ਸੋਖਾ ਸੂ ਪੈਂਦਾ ਹੈ।

**II. ਤੇਲ ਦੇਣਾ** : ਕੁਝ ਲੋਕ ਪਸ਼ੂ ਨੂੰ ਸੂਣ ਤੋਂ ਪਹਿਲਾ ਕੁਝ ਤੇਲ ਜਾਂ ਘਿਉ ਦੇ ਦਿੰਦੇ ਹਨ ਇਹ ਸੋਚ ਕੇ ਬਈ ਇਸ ਨਾਲ ਪਸ਼ੂ ਸੋਖਾ ਸੂ ਪਵੇਗਾ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਸੂਣ ਵਾਲਾ ਰਸਤਾ ਥਿੰਦਾ ਹੋ ਜਾਵੇਗਾ ਤੇ ਕੱਟੜੂ-ਵੱਛੜੂ ਫਿਸਲ ਕੇ ਬਾਹਰ ਆ ਜਾਵੇਗਾ ਪਰ ਵਿਗਿਆਨਕ ਤੋਰ ਤੇ ਦੇਖੀਏ ਤਾਂ ਚਿਕਨਾਈ ਵਿੱਚ ਨਿਸ਼ਾਸਤੇ ਨਾਲੋਂ 2.25 ਟਾਈਮ



Scanned by CamScanner

ਜ਼ਿਆਦਾ ਊਰਜਾ ਹੁੰਦੀ ਹੈ ਜੋ ਪਸ਼ੂ ਦੇ ਸਰੀਰ ਵਿੱਚ ਜਮਾ ਜੋ ਜਾਂਦੀ ਹੈ ਤੇ ਸੂਣ ਵੇਲੇ ਪਸ਼ੂ ਦਾ ਜ਼ੋਰ ਲਗਦਾ ਹੈ। ਊਰਜਾ ਖਪਤ ਹੁੰਦੀ ਹੈ ਉਦੋ ਇਹ ਊਰਜਾ ਕੰਮ ਆਉਂਦੀ ਹੈ।

**ਚਿਤਾਵਨੀ** - ਜ਼ਿਆਦਾ ਦਿੱਤਾ ਤੇਲ ਕਈ ਵਾਰੀ ਨੁਕਸਾਨ ਵੀ ਕਰ ਸਕਦਾ ਹੈ।ਇਸ ਲਈ ਇੱਕਲੇ ਤੇਲ ਦੀ ਬਜਾਏ ਪਸ਼ੂ ਨੂੰ ਅਖੀਰਲੇ ਤਿੰਨ ਮਹੀਨੇ ਚੰਗੀ ਤੇ ਮਿਆਰੀ ਖੁਰਾਕ ਦਿਉ ।

**7. ਜਖਮ ਹੋਣ ਦੀ ਸੂਰਤ ਵਿੱਚ**

i. ਤੇਲ (ਸਰੋਂ ਦਾ) ਲਾ ਕੇ ਉਤੇ ਹਲਦੀ ਧੂੜ ਦਿੰਦੇ ਹਨ। ਇਹ ਬੜਾ ਹੀ ਪੁਰਾਣਾ ਟੋਟਕਾ ਹੈ ਜਿਹੜਾ ਕਿ ਪਸ਼ੂਆਂ ਦੇ ਨਾਲ-ਨਾਲ ਕਈ ਵਾਰ ਮਨੁੱਖਾਂ ਵਿੱਚ ਵੀ ਵਰਤਿਆ ਜਾਂਦਾ ਹੈ। ਤੇਲ ਠੰਡਕ ਦਾ ਅਹਿਸਾਸ ਦਿੰਦਾ ਹੈ ਤੇ ਜ਼ਰਮ ਰੋਧਕ ਵੀ ਹੁੰਦਾ ਹੈ ਹਲਦੀ ਵਿੱਚ ਕਈ ਤਰ੍ਹਾਂ ਦੇ ਗੁਣ ਪਾਏ ਜਾਂਦੇ ਹਨ, ਜਿਵੇਂ ਕਿ ਰੋਗਾਣੂ ਨਾਸ਼ਕ, ਪੀੜ ਨਾਸ਼ਕ ਆਦਿ ।

ii. ਇਕ ਹੋਰ ਨੁਸਖੇ ਅਨੁਸਾਰ ਪਸ਼ੂ ਪਾਲਕ ਨਿੰਮ ਦੇ ਪੱਤਿਆਂ ਨੂੰ ਖੱਦਰ ਦੇ ਕੱਪੜੇ ਵਿੱਚ ਪਾ ਕੇ ਉਸਨੂੰ ਮਿੱਟੀ ਨਾਲ ਲਿਪ ਦਿੰਦੇ ਹਨ ਤੇ ਫਿਰ ਉਸਨੂੰ ਗੋਹੇ ਦੀਆਂ ਧੁਖਦੀਆਂ ਪਾਥੀਆਂ ਵਿੱਚ ਰੱਖ ਦਿੰਦੇ ਹਨ ਤੇ ਫਿਰ ਲਗਭਗ-8-10 ਘੰਟਿਆਂ ਬਾਅਦ ਇਹਨਾਂ ਪੱਤਿਆਂ ਨੂੰ ਬਾਹਰ ਕੱਢ ਕੇ ਪੀਸ ਕੇ ਜ਼ਖਮ ਤੇ ਲਾ ਦਿੱਤਾ ਜਾਂਦਾ ਹੈ । ਪਰ ਵਿਗਿਆਨ ਦੇ ਯੁੱਗ ਵਿੱਚ ਪਸ਼ੂ ਪਾਲਕਾਂ ਨੂੰ ਸਮੇਂ ਦਾ ਹਾਣੀ ਬਣ ਕੇ ਚੱਲਣ ਦੀ ਜ਼ਰੂਰਤ ਹੈ ਕਿਉਂਕਿ ਪਸ਼ੂ ਧਨ ਬਹੁਤ ਕੀਮਤੀ ਅਤੇ ਵੱਡਮੁੱਲਾ ਸਰਮਾਇਆ ਹੈ। ਲੋੜ ਹੈ ਕਿ ਸਿਹਤ ਸਮੱਸਿਆ ਸਮੇਂ ਮਾਹਿਰ ਡਾਕਟਰ ਦੀ ਸਲਾਹ ਤੇ ਅਮਲ ਕਰਨੀ ਦੀ, ਕਿਉਂਕਿ ਨੀਮ-ਹਕੀਮੀ ਤੇ ਘਰੇਲੂ ਟੋਟਕੇ ਅਜਮਾਉਣ ਨਾਲ ਸਮੱਸਿਆ ਵੱਧ ਸਕਦੀ ਹੈ। ਜਿਸ ਨਾਲ ਪੈਦਾਵਾਰੀ ਨੁਕਸਾਨ ਹੋ ਸਕਦਾ ਹੈ ਕਈ ਵਾਰ ਤਾਂ ਪਸ਼ੂ ਦੀ ਜਾਨ ਜਾਣ ਨਾਲ ਪਸ਼ੂ ਤੋਂ ਹੀ ਹੱਥ ਧੋਣੇ ਪੈ ਸਕਦੇ ਹਨ।

iii. **ਥਣਾਂ ਤੇ ਜ਼ਖਮ ਹੋਣ ਦੀ ਸੂਰਤ ਵਿੱਚ ਹਲਦੀ ਪਿਲਾਉਣਾ** : ਹਲਦੀ ਵਿੱਚ ਜਰਮ ਰੋਧਕ ਤੇ ਸੋਜ ਨੂੰ ਘਟਾਉਣ ਦੇ ਗੁਣ ਹੁੰਦੇ ਹਨ। ਪਰ ਇਸ ਦਾ ਅਸਰ ਕਈ ਵਾਰ ਬਹੁਤ ਹੋਲੀ ਹੁੰਦਾ ਹੈ।ਸਿਆਣਪ ਇਸ ਵਿੱਚ ਹੀ ਹੈ ਕਿ ਜਲਦੀ ਇਸ ਦਾ ਇਲਾਜ ਕਰਵਾਉ ਕਿਉਂਕਿ ਥਣ ਦਾ ਸਵਾਲ ਹੈ ਜੇ ਖਰਾਬ ਹੋ ਗਿਆ ਨਾਲੇ ਤਾ ਦੁੱਧ ਘਟੂ ਨਾਲੇ ਪਸ਼ੂ ਦੀ ਕੀਮਤ ਘੱਟ ਜਾਉ।

iv. **ਥਣਾਂ ਤੇ ਬਿਆਈਆਂ /ਥਣਾਂ ਦੇ ਫੱਟ ਜਾਣ ਤੇ** : ਸਰਦੀਆਂ ਵਿਚ ਆਮ ਤੌਰ ਤੇ ਦੁਧਾਰੂ ਪਸ਼ੂਆਂ ਦੇ ਥਣ ਫੱਟ ਜਾਂਦੇ ਹਨ । ਥਣ ਫਟਣ ਤੋਂ ਬਾਅਦ ਇਹ ਜ਼ਖਮ ਦਾ ਰੂਪ ਲੈ ਲੈਂਦੇ ਹਨ ਅਤੇ ਫਿਰ ਸੋਜ਼ਿਸ ਵੀ ਆ ਜਾਂਦੀ ਹੈ । ਅਤੇ ਇਹ ਥਣਾਂ ਅਤੇ ਹਵਾਨੇ ਦੀ ਸੋਜ ਕਰ ਦਿੰਦੇ ਹਨ । ਜਿਸ ਨਾਲ ਕਿ ਦੁੱਧ ਵੀ ਖਰਾਬ ਹੋ ਜਾਂਦਾ ਹੈ । ਸਮੇਂ ਰਹਿੰਦੇ ਜੇ ਇਸ ਦਾ ਇਲਾਜ ਕਰ ਲਿਆ ਜਾਵੇ ਤਾਂ ਪਸ਼ੂ ਪਾਲਕ ਕਾਫੀ ਮਾਲੀ ਨੁਕਸਾਨ ਤੋਂ ਬਚ ਸਕਦੇ ਹਨ । ਇਨ੍ਹਾਂ ਕੇਸਾਂ ਵਿਚ ਪਸ਼ੂ ਪਾਲਕ ਥਣਾਂ ਤੇ ਮਲਾਈ, ਮੱਖਣ ਜਾਂ ਵੈਕਸੀਨ ਲਗਾ ਦਿੰਦੇ ਹਨ । ਇਹ ਸਾਰੀਆਂ ਚੀਜਾਂ ਫੁੱਟੇ ਹੋਏ ਥਣ ਅਤੇ ਜ਼ਖਮ ਨੂੰ ਅਰਾਮ ਦਿੰਦੀਆਂ ਹਨ ਅਤੇ ਥਣ ਠੀਕ ਕਰਨ ਵਿਚ ਮੁੱਢਲੀ ਦਵਾਈ ਦੇ ਰੂਪ ਵਿਚ ਵਰਤ ਸਕਦੇ ਹਨ । ਕਈ ਵਾਰ ਥਣ ਫਟਣ ਤੇ ਦੇਸੀ ਘਿਉ ਵੀ ਲਾਇਆ ਜਾਦਾ ਹੈ।

v. **ਨਿੰਮ ਦੇ ਪੱਤਿਆ ਨਾਲ ਜ਼ਖਮ ਨੂੰ ਧੋਣਾ** : ਇਹ ਟੋਟਕਾ ਲਗਭਗ ਸਾਰੇ ਪੰਜਾਬ ਵਿੱਚ ਹੀ ਪ੍ਰਚਲਿੱਤ ਹੈ। ਨਿੰਮ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਹਨ



Scanned by CamScanner

vi. **ਜ਼ਖਮ ਤੇ ਤਾਜੀ ਸੁਆਹ ਧੂੜਣੀ** : ਕੁਝ ਪਸ਼ੂ ਪਾਲਕ ਪਸ਼ੂ ਦੇ ਜ਼ਖਮ ਹੋਣ ਦੀ ਸੂਰਤ ਵਿੱਚ ਜ਼ਖਮ ਤੇ ਤਾਜ਼ੀ ਗੋਹਿਆ ਦੀ ਸੁਆਹ ਧੂੜ ਦਿੰਦੇ ਹਨ। ਸੁਆਹ ਵਿੱਚ ਧਾਤਾਂ ਹੁੰਦੀਆਂ ਹਨ, ਹੋ ਸਕਦਾ ਹੈ ਇਹਨਾਂ ਦੀ ਬਦੌਲਤ ਜ਼ਖਮ ਛੇਤੀ ਠੀਕ ਹੋ ਜਾਂਦਾ ਹੋਵੇ ਪਰ ਇਸ ਤੇ ਅਜੇ ਖੋਜ਼ ਦੀ ਲੋੜ ਹੈ।

vii. ਜ਼ਖਮਾਂ ਤੇ ਖਾਸ ਕਰਕੇ ਕੀੜੇ ਪਏ ਹੋਏ ਜ਼ਖਮਾਂ ਤੇ ਬਹੁਤ ਸਾਰੇ ਪੈਟਰੋਲ, ਡੀਜ਼ਲ ਅਤੇ ਕਾਲਾ ਤੇਲ ਜਾਂ ਮੁਗਲੈਲ ਆਇਲ ਦੀ ਵਰਤੋਂ ਕਰਦੇ ਹਨ । ਇਸ ਨਾਲ ਜ਼ਖਮਾਂ ਵਿਚ ਪਏ ਹੋਏ ਕੀੜੇ ਤਾਂ ਮਰ ਜਾਂਦੇ ਹਨ ਪਰ ਜ਼ਖਮ ਵਿਚਲੇ ਨਾਜ਼ੁਕ ਤੰਤੂਆਂ ਦਾ ਬਹਤ ਨੁਕਸਾਨ ਹੋ ਜਾਂਦਾ ਹੈ ਅਤੇ ਜ਼ਖਮ ਦੇਰ ਨਾਲ ਠੀਕ ਹੁੰਦਾ ਹੈ ।

☛ **ਜ਼ਖਮ ਹੋਣ ਦੀ ਸੂਰਤ ਵਿੱਚ ਜਲਦੀ ਤੋਂ ਜਲਦੀ ਡਾਕਟਰੀ ਇਲਾਜ ਕਰਵਾਉ, ਕਿਉਂਕਿ ਅੱਲ੍ਹੇ ਜ਼ਖਮਾਂ ਵਿੱਚ ਕੀੜੇ ਪੈਣ ਦਾ ਖਤਰਾ ਹੁੰਦਾ ਹੈ।**

**8. ਦੁੱਧ ਨਾ ਉਤਰਦਾ ਹੋਵੇ:**

1. **ਯੋਨੀ ਵਿੱਚ ਫੂਕ ਮਾਰਨਾ/ਭਰਨਾ** : ਕੁਝ ਲੋਕ ਦੁੱਧ ਨਾ ਉਤਰਣ ਦੀ ਸੂਰਤ ਵਿੱਚ ਪਸ਼ੂ ਦੀ ਯੋਨੀ ਵਿੱਚ ਹਵਾਂ ਭਰ ਦਿੰਦੇ ਹਨ। ਇਸ ਨੂੰ ਫੂਕਾਂ ਮਾਰਨਾ ਵੀ ਕਹਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਦੁੱਧ ਉਤਰ ਆਵੇਗਾ। ਇਹ ਗਲਤ ਤੇ ਇਕ ਵਹਿਸ਼ਤੀ ਤਰੀਕਾ ਹੈ ਜੋ ਕਿ ਕਾਨੂੰਨੀ ਤੌਰ ਤੇ ਵੀ ਇਕ ਅਪਰਾਧ ਮੰਨਿਆ ਗਿਆ ਹੈ ।
2. **ਯੋਨੀ ਵਿੱਚ ਪਸ਼ੂ ਦੀ ਆਪਣੀ ਪੂਛ ਪਾਉਣਾ** : ਇਸ ਵਿੱਚ ਵੀ ਉਪਰੋਕਤ ਅਧਾਰ ਹੀ ਹੈ ।
3. **ਟੀਕਾ ਲਗਾਉਣਾ (ਔਕਸੀਟੋਸੀਨ)** : ਕਈ ਵਾਰ ਪਸ਼ੂ ਦਾ ਜਦੋਂ ਕੱਟੜੂ-ਵੱਛੜੂ ਮਰ ਜਾਂਦਾ ਹੈ ਜਾਂ ਕੋਈ ਕਿਸਾਨ ਭਰਾ ਹੱਥੇ ਚੜੀ ਮੱਝ/ਗਾਂ ਖਰੀਦ ਲੈਂਦਾ ਹੈ ਤਾਂ ਇਹੋ ਜਿਹਾ ਪਸ਼ੂ ਅਕਸਰ ਦੁੱਧ ਨਹੀਂ ਲਾਹੁਦਾ। ਸੋ ਅਜਿਹੇ ਕੇਸਾ ਵਿੱਚ ਪਸ਼ੂ ਪਾਲਕ ਪਸ਼ੂ ਨੂੰ ਟੀਕਾ ਲਾਉਣਾ ਸ਼ੁਰੂ ਕਰ ਦਿੰਦੇ ਹਨ।
4. **ਮੂਸਲ ਬਣਾਉਣਾ (ਕੱਟੇ ਵਿੱਚ ਤੂੜੀ ਭਰ ਕੇ)** : ਕਈ ਵਾਰ ਜਦੋਂ ਸੱਜਰ ਸੂਏ ਪਸ਼ੂ ਦਾ ਕੱਟੜੂ-ਵੱਛੜੂ ਮਰ ਜਾਂਦਾ ਹੈ ਤੇ ਮਿਲਦਾ ਨਹੀਂ। ਅਜਿਹੀ ਸੂਰਤ ਵਿੱਚ ਪਸ਼ੂ ਪਾਲਕ ਉਸੇ ਮਰੇ ਹੋਏ ਕੱਟੜੂ ਦੀ ਚਮੜੀ ਵਿੱਚ ਤੂੜੀ ਭਰ ਕੇ ਉਸਨੂੰ ਵਾਪਿਸ ਕੱਟੜੂ-ਵੱਛੜੂ ਦੀ ਦਿਖ ਵਰਗਾ ਬਣਾ ਲੈਂਦੇ ਹਨ। ਕਾਫੀ ਕੇਸਾਂ ਵਿੱਚ ਮੱਝ/ਗਾਂ ਇਸ ਤਰ੍ਹਾਂ ਨਾਲ ਦੁੱਧ ਦੇਣ ਲੱਗ ਪੈਂਦੀ ਹੈ।

☛ **ਪ੍ਰੇਰਣਾ** : ਯੂਨੀਵਰਸਿਟੀ ਤੇ ਅਗਾਹਵਧੂ ਫਾਰਮਾਂ ਤੇ ਪਸ਼ੂ ਦੇ ਸੂਣ ਸਾਰ ਹੀ ਕੱਟੜੂ ਵੱਛੜੂ ਨੂੰ ਅਲੱਗ ਕਰ ਦਿਤਾ ਜਾਂਦਾ ਹੈ ਤੇ ਉਥੇ ਹੀ ਉਸ ਨੂੰ ਬੌਹਲੀ ਪਿਲਾਈ ਜਾਂਦੀ ਹੈ ਅਜਿਹੇ ਕਰਨ ਨਾਲ ਪਸ਼ੂ ਵਿੱਚ ਇਹ ਉਪਰੋਕਤ ਮੁਸ਼ਕਿਲ ਨਹੀਂ ਆਉਂਦੀ।

**9. ਦੁੱਧ ਚੋਣ ਲੱਗਿਆ ਧੂਣੀ ਦੇਣੀ** : ਇਹ ਦੇਖਿਆ ਗਿਆ ਹੈ ਕਿ ਕਈ ਪਸ਼ੂ ਪਾਲਕ ਕਿਸਾਨ (ਜ਼ਿਆਦਾਤਰ ਔਰਤਾਂ) ਦੁੱਧ ਚੋਣ ਲੱਗਿਆਂ ਪਸ਼ੂ ਦੇ ਨੇੜੇ ਪਾਥੀਆਂ ਦੀ ਧੂਣੀ ਬਾਲ ਦਿੰਦੀਆਂ ਹਨ। ਜ਼ਿਆਦਾ ਕਰਕੇ ਇਹ ਗਰਮੀ ਦੀ ਰੁੱਤ ਵਿੱਚ ਹੀ ਕੀਤਾ ਜਾਂਦਾ ਹੈ। ਕਈ ਵਾਰ ਇਸ ਵਿੱਚ ਨਿੰਮ ਦੇ ਪੱਤੇ ਵੀ ਪਾ ਦਿਤੇ ਜਾਂਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਪਸ਼ੂ ਨੂੰ ਮੱਖੀ ਮੱਛਰ ਨਹੀਂ ਵੱਡਦਾ ਉਹ ਅਰਾਮ ਨਾਲ ਖੜ੍ਹਾ ਰਹਿੰਦਾ ਹੈ ਤੇ ਦੁੱਧ ਦਿੰਦਾ ਹੈ ਪਰ ਸੱਚਾਈ ਇਹ ਹੈ ਕਿ ਧੂੰਆ ਜਿਨ੍ਹਾਂ ਸਾਡੀ ਅੱਖ ਵਿੱਚ ਪੈਂਦਾ ਹੈ ਉਹਨਾਂ ਹੀ ਪਸ਼ੂਆਂ ਦੇ ਵੀ ਪਵੇਗਾ ਸੋ ਉਹਨਾਂ ਨੂੰ ਵੀ ਮੁਸ਼ਕਿਲ ਹੋਵੇਗੀ। ਸੋ



Scanned by CamScanner

ਬਿਹਤਰੀ ਇਸੇ ਵਿੱਚ ਕੀ ਪਸ਼ੂ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖੀਏ ਤਾਂ ਕਿ ਮੱਖੀ ਮੱਛਰ ਪਲਪ ਨਾ ਸਕਣ। ਕੋਸ਼ਿਸ਼ ਕਰੋ ਕਿ ਪਸ਼ੂ ਨੂੰ ਕਿਸੇ ਸਾਫ਼ ਸੁਥਰੀ ਤੇ ਸ਼ਾਂਤ ਜਗ੍ਹਾ ਤੇ ਚੋਇਆ ਜਾਵੇ।

**10. ਬੱਕਰੀ ਉਗਾਲੀ ਨਾ ਕਰਦੀ ਹੋਏ :** ਅਜਿਹੇ ਕੇਸਾਂ ਵਿੱਚ ਬੱਕਰੀ ਪਾਲਕ (ਕੰਢੀ ਇਲਾਕੇ ਵਾਲੇ) ਸੋਏ, ਮੇਥੇ ਤੇ ਸੌਫ ਦਾ ਕਾੜ੍ਹਾ ਦਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਉਨ੍ਹਾਂ ਦਾ ਹਾਜ਼ਮਾ ਠੀਕ ਹੋ ਜਾਂਦਾ ਹੈ ਤੇ ਉਹ ਉਗਾਲੀ ਕਰਨਾ ਸ਼ੁਰੂ ਕਰ ਦਿੰਦੀਆਂ ਹਨ।

**11. ਬੱਕਰੀ ਵਿੱਚ ਅਫਾਰਾ ਹੋਣੀ ਦੀ ਸੂਰਤ ਵਿੱਚ :** ਅਜਿਹਾ ਹੋਣ ਦੀ ਸੂਰਤ ਵਿੱਚ ਬੱਕਰੀ ਪਾਲਕ ਮਿੱਠਾ ਸੋਡਾ ਜਾਂ ਕਈ ਵਾਰ ਸਿਰਕਾ ਵੀ ਦਿੰਦੇ ਹਨ। ਪਰ ਜ਼ਿਆਦਾਤਰ ਇਹ ਤੀਰ ਤੁੱਕੇ ਵਾਲੇ ਤਰੀਕਾ ਹੀ ਹੁੰਦਾ ਹੈ ਕਿਉਂਕਿ ਵਿਗਿਆਨਕ ਅਧਾਰ ਨਾਲ ਵੇਖੀਏ ਤਾਂ ਜ਼ਿਆਦਾ ਨਿਸ਼ਾਸਤੇ ਵਾਲੀ ਖੁਰਾਕ ਨਾਲ ਹੋਏ ਅਫਾਰੇ ਵਿੱਚ ਮਿੱਠਾ ਸੋਡਾ ਕੰਮ ਕਰ ਸਕਦਾ ਹੈ ਤੇ ਜ਼ਿਆਦਾ ਖੱਲਾਂ ਜਾਂ ਸੀਵਰੇਜ਼ ਵਾਲੇ ਪਾਣੀ ਪੀਣ ਨਾਲ ਹੋਏ ਅਫਾਰੇ ਵਿੱਚ ਸਿਰਕਾ ਕੰਮ ਕਰ ਸਕਦਾ ਹੈ ਕਿਉਂਕਿ ਪਹਿਲੇ ਕੰਮ ਵਿੱਚ ਰੂਮਨ ਵਿੱਚ ਤੇਜ਼ਾਬ ਬਣਦਾ ਹੈ ਤੇ ਦੂਜੇ ਕੰਮ ਵਿੱਚ ਖਾਰ ਬਣਦੀ ਹੈ।

**12. ਸਰਨ ਹੋਣ ਤੇ**

**I. ਕੱਚੀ ਸਰਨ ਹੋਣ ਤੇ :** ਕਾਲੀ ਜੀਰੀ ਦਾ ਕਾੜ੍ਹਾ ਦੇਣਾ – ਪੰਜਾਬ ਦੇ ਕੰਢੀ ਇਲਾਕਿਆ ਵਿੱਚ ਇਹ ਟੋਟਕਾਂ ਵਰਤਿਆਂ ਜਾਂਦਾ ਹੈ। ਸਰਨ ਦੇ ਸ਼ੁਰੂ ਹੋਣ (ਕੱਚੀ ਸਰਨ) ਤੇ ਕਾਲੀ ਜੀਰੀ ਦਾ ਕਾੜ੍ਹਾ ਬਣਾ ਕੇ ਦਿੱਤਾ ਜਾਂਦਾ ਹੈ। ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਕੱਚੀ ਸਰਨ ਇਸ ਨਾਲ ਠੀਕ ਹੋ ਜਾਂਦੀ ਹੈ। ਇਸ ਤੇ ਹਜ਼ੇ ਵਿਗਿਆਨਕ ਖੋਜ ਹੋਣਾ ਬਾਕੀ ਹੈ।

**ii. ਬਲਦ ਨੂੰ ਸਰਨ ਹੋਣ ਤੇ ਦੇਸੀ ਸ਼ਰਾਬ/ ਲਾਹਣ ਪਿਲਾਉਣੀ :** ਪਸ਼ੂ ਪਾਲਕ ਬਲਦ ਨੂੰ ਸਰਨ ਹੋਣੀ ਦੀ ਸੂਰਤ ਵਿੱਚ ਦੇਸੀ ਸ਼ਰਾਬ ਪਿਲਾ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਸਰਨ ਠੀਕ ਹੋ ਜਾਂਦੀ ਹੈ।

ਸਰਨ ਕਈ ਵਾਰ ਸ਼ੁਰੂ-ਸ਼ੁਰੂ ਚਲਣ ਲੱਗਿਆਂ ਮੁਸ਼ਕਿਲ ਕਰਦੀ ਹੈ ਫਿਰ ਪਸ਼ੂ ਠੀਕ ਹੋ ਜਾਂਦਾ ਹੈ । ਦੇਸੀ ਸ਼ਰਾਬ ਨਾਲ ਹੋ ਸਕਦਾ ਹੈ ਕਿ ਪਸ਼ੂ ਕੁਝ ਦੇਰ ਲਈ ਨਸ਼ੇ ਅਧੀਨ ਕੰਮ ਕਰੀ ਜਾਵੇ ਜਾਂ ਆਪਣੇ ਆਪ ਠੀਕ ਹੋ ਜਾਵੇ ਪਰ ਇਹ ਇਸ ਬੀਮਾਰੀ ਦਾ ਇਲਾਜ ਨਹੀਂ ਹੈ।

☛ **ਵਿਗਿਆਨਕ ਇਲਾਜ ਲਈ ਪਸ਼ੂ ਨੂੰ ਥੱਲੇ ਸੁਟ ਕੇ ਚੰਗੀ ਤਰਾਂ ਕਾਬੂ ਕਰ ਕੇ ਉਸਦੀ ਲੱਤ ਵਿੱਚ ਇਕ ਖਾਸ ਤਰ੍ਹਾਂ ਦੇ ਬਲੱਡ ਨਾਲ ਸਰਨ ਕੱਟ ਦਿੱਤੀ ਜਾਂਦੀ ਹੈ ਤੇ ਪਸ਼ੂ ਉਸੇ ਵੇਲੇ ਹੀ ਠੀਕ ਹੋ ਜਾਂਦਾ ਹੈ ।**

**13. ਸਰਦ-ਗਰਮ/ਟਾਕੂ ਹੋਣ ਦੀ ਸੂਰਤ ਵਿੱਚ ਪਸ਼ੂ ਦੇ ਪਿੰਡੇ ਦੇ ਲੂਣ – ਜਵੈਨ ਮਲਣਾ :** ਪਸ਼ੂ ਨੂੰ ਸਰਦ-ਗਰਮ ਹੋਣ ਤੇ ਕਈ ਵਾਰ ਪਸ਼ੂ ਪਾਲਕ ਪਸ਼ੂ ਦੇ ਪਿੰਡੇ ਤੇ ਲੂਣ-ਜਵੈਨ ਮਲ ਦਿੰਦੇ ਹਨ ਤੇ ਫਿਰ ਪਸ਼ੂ ਉਪਰ ਝੁਲ ਜਾਂ ਬੋਰੀ ਆਦਿ ਪਾ ਦਿੰਦੇ ਹਨ। ਇਸ ਨਾਲ ਪਸ਼ੂ ਕੁਝ ਗਰਮੀ ਮਹਿਸੂਸ ਕਰਦਾ ਹੈ। ਭਾਵੇਂ ਇਕ ਪਲ ਲਈ ਪਸ਼ੂ ਠੀਕ ਵੀ ਹੋ ਸਕਦਾ ਹੈ ਪਰ ਇਹ ਪੱਕਾ ਇਲਾਜ ਨਹੀਂ ਹੈ ਬੀਮਾਰੀ ਤਾਂ ਅੰਦਰੂਨੀ ਹੁੰਦੀ ਹੈ ਸੋ ਮਾਹਿਰ ਡਾਕਟਰ ਤੋਂ ਸੇਵਾਵਾਂ ਲਵੋਂ ।

**14. ਪਾਣਾ ਪਿਉਣਾ :** ਗਰਮੀਆਂ ਵਿੱਚ ਛੋਲਿਆਂ ਅਤੇ ਜੋਆਂ ਦਾ ਆਟਾ ਰਲਾ ਕੇ, ਪਾਣੀ ਵਿੱਚ ਘੋਲ ਕੇ ਪਸ਼ੂ ਨੂੰ ਪਿਲਾਇਆ ਜਾਂਦਾ ਹੈ ਇਸ ਨੂੰ ਪਾਣਾ ਕਹਿੰਦੇ ਹਨ। ਇਸਦੀ ਤਸੀਰ ਠੰਡੀ ਮੰਨੀ ਜਾਂਦੀ ਸੀ ਤੇ ਇਹ ਪਸ਼ੂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪਿਆਇਆ ਜਾਂਦਾ ਸੀ ।



Scanned by CamScanner

**15. ਬੋਤੇ ਨੂੰ ਫਟਕੜੀ ਦਾ ਘੋਲ ਦੇਣਾ** : ਸਰਦੀਆਂ ਵਿੱਚ ਜਦੋਂ ਬੋਤਾ ਪੂਰੀ ਮਸਤੀ ਵਿੱਚ ਹੁੰਦਾ ਹੈ ਉਹ ਬੁਕਦਾ ਹੈ ਤੇ ਬਹੁਤ ਦੰਦ ਕਿਰਚਦਾ ਹੈ ਇਸ ਨੂੰ ਰੋਕਣ ਲਈ ਪਸ਼ੂ ਪਾਲਕ ਬੋਤੇ ਨੂੰ ਫਟਕੜੀ ਪਾਣੀ ਵਿੱਚ ਘੋਲ ਕੇ ਪਿਆਉਂਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਨਾਲ ਬੋਤਾ ਦੰਦ ਕਿਰਚਣੇ ਹੱਟ ਜਾਵੇਗਾ ।

**16. ਬੀਮਾਰ ਪਸ਼ੂ ਨੂੰ ਤੰਦਰੁਸਤ ਪਸ਼ੂ ਦੀ ਜੂਠ ਖੁਆਉਣਾ** : ਕਈ ਵਾਰ ਇਹ ਦੇਖਿਆ ਗਿਆ ਹੈ ਕਿ ਪਸ਼ੂ ਪਾਲਕ ਬੀਮਾਰ ਪਸ਼ੂ ਨੂੰ ਤੰਦਰੁਸਤ ਪਸ਼ੂ ਦੀ ਜੂਠ ਖੁਆਉਂਦੇ ਹਨ ਅਖੇ ਇਸ ਨਾਲ ਇਹ ਵੀ ਠੀਕ ਹੋ ਜਾਵੇਗਾ ।

**ਵਿਗਿਆਨਕ ਅਧਾਰ** : ਕਈ ਵਾਰ ਕੁਝ ਕਾਰਨਾ ਕਰਕੇ ਪਸ਼ੂ ਦੇ ਪਹਿਲੇ ਮਿਹਦੇ ਅੰਦਰਲੇ ਸੂਖਮ ਜੀਵਾਂ ਦੀ ਗਿਣਤੀ ਕਾਫੀ ਘੱਟ ਜਾਂਦੀ ਹੈ ਜਿਸ ਨਾਲ ਪਸ਼ੂ ਦੀ ਭੁੱਖ ਘੱਟ ਜਾਂਦੀ ਹੈ ਜਾ ਕਹਿ ਲਵੋ ਕਿ ਹਾਜ਼ਮਾ ਘੱਟ ਜਾਂਦਾ ਹੈ ਤੇ ਪਸ਼ੂ ਕਈ ਵਾਰ ਉਗਾਲੀ ਕਰਨੋਂ ਵੀ ਹੱਟ ਜਾਂਦਾ ਹੈ। ਅਜਿਹੇ ਪਸ਼ੂ ਨੂੰ ਜਦੋਂ ਤੰਦਰੁਸਤ ਪਸ਼ੂ ਦੀ ਜੂਠ ਖੁਆਈ ਜਾਂਦੀ ਹੈ ਤਾਂ ਇਸ ਜੂਠ ਨਾਲ ਲੱਖਾਂ-ਕਰੋੜਾ ਸੂਖਮ ਜੀਵ ਵੀ ਬੀਮਾਰ ਪਸ਼ੂ ਦੇ ਪਹਿਲੇ ਮਿਹਦੇ "ਰੂਮਨ" ਅੰਦਰ ਆ ਜਾਂਦੇ ਹਨ ਤੇ ਇਸ ਨਾਲ ਪਸ਼ੂ ਦਾ ਹਾਜ਼ਮਾ ਫਿਰ ਦਰੁੱਸਤ ਹੋ ਜਾਂਦਾ ਹੈ। ਕਈ ਵਾਰ ਪਸ਼ੂ ਨੂੰ ਜ਼ਿਆਦਾ ਐਟੀਬਾਇਓਟੈਕ ਦੇ ਟੀਕੇ ਲਗਣ ਉਪਰੰਤ ਵੀ ਇਹ ਨੁਸਖਾ ਅਪਣਾਇਆ ਜਾਂਦਾ ਹੈ ਕਿਉਂਕਿ ਐਂਟੀਬਾਇਓਟੈਕ ਨਾਲ ਸੂਖਮ ਜੀਵਾਂ ਦੀ ਗਿਣਤੀ ਵੀ ਘੱਟ ਜਾਂਦੀ ਹੈ।

**17. ਹੱਥੂ ਨਿਮੋਨੀਆਂ** : ਕਈ ਵਾਰ ਸਾਹ ਲਈ ਨਲੀ ਰਾਹੀ ਪਾਣੀ ਫੇਫੜਿਆਂ ਵਿੱਚ ਚਲਾ ਜਾਂਦਾ ਹੈ ਤੇ ਨਿਮੋਨੀਆ ਹੋ ਜਾਂਦਾ ਹੈ। ਇਹ ਕੇਸ ਆਮ ਤੋਰ ਤੇ ਕਈ ਪਸ਼ੂਆਂ ਵਿੱਚ ਦੇਖਣ ਨੂੰ ਮਿਲਦੇ ਹਨ ਕਿਉਂਕਿ ਨਾਲ ਰਾਹੀ ਜਾਂ ਨਾਲਕੇ ਰਾਹੀ ਕੋਈ ਦਵਾਈ ਦੇਣੀ ਜਾਂ ਧਾਤਾਂ ਦਾ ਚੂਰਾਂ ਦੇਣਾ ਆਦਿ ਪਸ਼ੂਆਂ ਵਿੱਚ ਵਰਤੇ ਜਾਂਦੇ ਹਨ। ਕਈ ਵਾਰ ਕੋਈ ਅਣਜਾਣ ਬੰਦਾ ਜਿਸ ਨੂੰ ਕਿ ਨਾਲ ਰਾਹੀ ਦਵਾਈ ਪਿਲਾਉਣੀ ਨਾ ਆਉਂਦੀ ਹੋਵੇ ਉਹ ਜਦੋਂ ਦਵਾਈ ਪਿਲਾਉਂਦਾ ਹੈ ਤਾ ਇਹ ਫੇਫੜਿਆਂ ਵਿੱਚ ਚਲੀ ਜਾਂਦੀ ਹੈ। ਇਸ ਤੋਂ ਇਲਾਵਾ ਕਈ ਪਸ਼ੂ ਪਾਲਕ ਨਾਲ ਨਾਲ ਦਵਾਈ ਦੇਣ ਵੇਲੇ ਪਸ਼ੂ ਦੀ ਜੀਭ ਫੜ ਲੈਂਦੈ ਹਨ ਜੋ ਕੀ ਬਿਲਕੁਲ ਗਲਤ ਹੈ। ਇਸ ਨਾਲ ਦਵਾਈ ਦਾ ਫੇਫੜਿਆਂ ਵਿੱਚ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ ਅਤੇ ਹੱਥੂ ਨਿਮੋਨੀਆ ਹੋ ਜਾਂਦਾ ਹੈ।

ਅਜਿਹੇ ਕੇਸਾਂ ਵਿੱਚ ਪਸ਼ੂ ਪਾਲਕ ਹੇਠ ਲਿਖੇ ਨੁਕਤੇ ਅਜਮਾਉਂਦੇ ਹਨ

1. ਪਰਾਲੀ ਨੂੰ ਅੱਗ ਲਾ ਕੇ ਪਸ਼ੂ ਨੂੰ ਧੂੰਆ ਦੇਣਾ ।
2. ਗਰਮ ਪਾਣੀ ਵਿੱਚ ਤਾਰਪੀਨ ਦਾ ਤੇਲ ਪਾ ਕੇ ਪਸ਼ੂ ਨੂੰ ਸੁੰਘਾਉਣਾ ।

**ਵਿਗਿਆਨਕ ਅਧਾਰ** : ਪਰਾਲੀ ਦੇ ਧੂਏਂ ਪਿੱਛੇ ਕੋਈ ਅਧਾਰ ਨਹੀਂ ਦਿਖਦਾ ਪਰ ਤਾਰਪੀਨ ਦਾ ਤੇਲ ਇੱਕ ਤਰ੍ਹਾਂ ਨਾਲ ਸੋਜ਼ਾ ਘਟਾਉਣ ਵਾਲਾ (Decongestant) ਹੁੰਦਾ ਹੈ ਤੇ ਇਸ ਨਾਲ ਫੇਫੜਿਆਂ ਵਿੱਚੋਂ ਸਾਹ ਲੈਣ ਦੇ ਵਿੱਚ ਕਾਫੀ ਅਰਾਮ ਮਿਲ ਸਕਦਾ ਹੈ।

**18. ਬਦਹਜ਼ਮੀ** : ਮਿੱਠਾ ਸੋਡਾ ਤੇ ਹਿੰਗ ਰਲਾ ਕੇ ਦੇਣਾ : ਬਦਹਜ਼ਮੀ ਹੋਣ ਦੀ ਸੂਰਤ ਵਿੱਚ 10-12 ਗ੍ਰਾਮ ਮਿੱਠਾ ਸੋਡਾ ਤੇ ਇੰਨੀ ਹੀ ਹਿੰਗ ਲੈ ਕੇ ਦੋਨਾ ਨੂੰ ਰਲਾ ਕੇ ਪਸ਼ੂ ਨੂੰ ਦਿੱਤਾ ਜਾਂਦਾ ਹੈ।

**ਵਿਗਿਆਨਕ ਆਧਾਰ** : ਕਈ ਵਾਰ ਪਸ਼ੂ ਵਿੱਚ ਜ਼ਿਆਦਾ ਦਾਣੇ ਗੁੜ ਰੋਟੀਆਂ ਆਦਿ ਖਾਣ ਨਾਲ ਬਦਹਜ਼ਮੀ ਹੋ ਜਾਂਦੀ ਹੈ ਕਿਉਂਕਿ ਉਪਰੋਕਤ ਚੀਜ਼ਾ ਨਾਲ ਪਸ਼ੂ ਦੇ ਪਹਿਲੇ ਮਿਹਦੇ ਵਿਚ ਤੇਜ਼ਾਬ ਬਣ ਜਾਂਦਾ ਹੈ। ਮਿੱਠਾ ਸੋਡਾ ਇਸ ਤੇਜ਼ਾਬ



Scanned by CamScanner

ਨੂੰ ਬਨਣ ਤੋਂ ਰੋਕਦਾ ਹੈ। ਵੈਸੇ ਵੀ ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂਆਂ ਦੀ ਖੁਰਾਕ ਵਿੱਚ ਇਸ ਨੂੰ ਰਲਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਹਿੰਗ ਹਾਜ਼ਮੇ ਨੂੰ ਦਰੁਸਤ ਕਰਦੀ ਹੈ।

**19. ਸਰਦ ਗਰਮ ਹੋਣ ਤੇ** : ਅਜਿਹੀ ਸਥਿਤੀ ਵਿੱਚ ਪਸ਼ੂ ਨੂੰ ਜਵੈਨ + ਹਲਦੀ + ਗੁਗਲ ਤੇ ਆਟੇ ਦੇ ਸੁੜੇ ਦੀ ਧੂਣੀ ਦਿੱਤੀ ਜਾਂਦੀ ਹੈ। ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਸ ਧੂਏ ਨਾਲ ਪਸ਼ੂ ਦਾ ਸਰੀਰ ਖੁੱਲ ਜਾਵੇਗਾ ਤੇ ਉਹ ਤੰਦਰੁਸਤ ਹੋ ਜਾਵੇਗਾ ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਦਿਸਦਾ ।

**20. ਕਬਜ਼ੀ ਹੋਣ ਤੇ**:- ਕੁਝ ਪਸ਼ੂ ਪਾਲਕ ਪਸ਼ੂ ਨੂੰ ਕਬਜ਼ੀ ਹੋਣ ਤੇ ਸਤਿਆਨਸੀ ਦਿੰਦੇ ਹਨ।

ਨੋਟ:- ਸਤਿਆਨਾਸੀ ਵਿੱਚ ਇੱਕ ਜ਼ਹਿਰੀਲਾ ਤੱਤ ਹੁੰਦਾ ਹੈ ਜੋ ਪਸ਼ੂ ਲਈ ਹਾਨੀਕਾਰਕ ਹੋ ਸਕਦਾ ਹੈ ।

**21. ਪਿਸਾਬ ਦਾ ਬੰਨ ਪੈਣਾ**

1) ਕਲਮੀ ਸ਼ੋਰਾ ਦੇਣਾ:
2) ਘੋੜੀ ਵਿਚ ਭਗਨਾਸਾ (clitoris) ਤੇ ਕਲਮੀ ਸ਼ੋਰਾ ਲਗਾਉਣਾ
3) ਯੋਨੀ ਵਿਚ ਪਤਾਸਾ ਭੰਨਣਾ

ਉਪਰੋਕਤ ਧਾਰਨਾਂਵਾ ਵਿੱਚੋਂ ਕਿਸੇ ਵਿੱਚ ਵੀ ਕੋਈ ਵਿਗਿਆਕ ਅਧਾਰ ਨਹੀ ਦਿੱਸਦਾ

**22 ਮਿਲਕ ਫੀਵਰ (ਸੂਤਕੀ ਬੁਖਾਰ)**

**ਥਣਾਂ ਵਿਚ ਹਵਾ ਭਰਨਾ** : ਕਈ ਵਾਰ ਸੂਤਕੀ ਬੁਖਾਰ ਹੋਣ ਦੀ ਸੂਰਤ ਵਿਚ ਕੁਝ ਪਸ਼ੂ ਪਾਲਕ ਥਣਾਂ ਵਿਚ ਸਰਿੰਜ਼ ਨਾਲ ਜਾਂ ਪੰਪ ਨਾਲ ਹਵਾ ਭਰਦੇ ਹਨ । ਉਨ੍ਹਾਂ ਦਾ ਮੰਨਣਾ ਹੈ ਬਈ ਇਸ ਨਾਲ ਥਣਾਂ ਵਿਚਲਾ ਦੁੱਧ ਉਤੇ ਚਲਾ ਜਾਵੇਗਾ ਤੇ ਖੂਨ ਵਿਚ ਕੈਲਸ਼ੀਅਮ ਦੀ ਘਾਟ ਨਹੀਂ ਹੋਵੇਗੀ ਤੇ ਸੂਤਕੀ ਬੁਖਾਰ ਨਹੀਂ ਹੋਵੇਗਾ ।

**☛ ਇਹ ਇਕ ਵਹਿਸੀ ਟਾਈਪ ਤਰੀਕਾ ਹੈ ਜਿਸ ਨੂੰ ਕਦੇ ਵੀ ਨਾ ਅਪਣਾਓ । ਸੂਤਕੀ ਬੁਖਾਰ ਹੋਣ ਦੀ ਸੂਰਤ ਵਿਚ ਪਸ਼ੂ ਦੀ ਨਾੜ ਵਿਚ ਕੈਲਸ਼ੀਅਮ ਦੀ ਬੋਤਲ ਲਗਾਈ ਜਾਂਦੀ ਹੈ ਜਿਸ ਨਾਲ ਪਸ਼ੂ ਠੀਕ ਹੋ ਜਾਂਦਾ ਹੈ।**

**23. ਕੰਮਜ਼ੋਰ ਘੋੜੇ /ਖੱਚਰ ਨੂੰ ਘਿਉ ਦੇਣਾ** : ਲਗਭਗ ਪਾਈਆਂ ਘਿਉ ਇਕ ਹਫਤੇ ਵਿਚ ਖੁਆਇਆ ਜਾਂਦਾ ਹੈ। ਘਿਉ ਊਰਜਾ ਦਾ ਸ੍ਰੋਤ ਹੁੰਦਾ ਹੈ । ਲੋੜ ਤੋਂ ਵਧੇਰੇ ਊਰਜਾ ਸਰੀਰ ਵਿਚ ਚਰਬੀ ਦੇ ਰੂਪ ਵਿਚ ਜਮਾਂ ਹੋ ਜਾਂਦੀ ਹੈ ।

**24. ਖੰਘ ਲੱਗੀ ਹੋਵੇ** :

1. ਕੁਆਸੀ ਰੋਟੀ ਦੇਣੀ : ਕੁਆਸੀ ਰੋਟੀ (ਇਕ ਪਾਸੇ ਪੱਕੀ ਤੇ ਦੂਸਰੇ ਪਾਸੇ ਕੱਚੀ) ਰੋਟੀ ਨੂੰ ਗਰਮ ਗਰਮ ਥੱਲੇ ਲਾ ਕੇ ਪਾਣੀ ਵਿਚ ਭਿਉ ਕੇ ਤਰੁੰਤ ਡੰਗਰ ਨੂੰ ਖੁਆ ਦਿੱਤੀ ਜਾਂਦੀ ਹੈ ।
2. ਕਪਾਹ ਦੀਆਂ ਫੁੱਟੀਆਂ ਨੂੰ ਤੇਲ ਵਿਚ ਭਿਉ ਕੇ ਡੰਗਰ ਨੂੰ ਦੇਣਾ – ਇਹਨਾਂ ਵਿਚ ਕੋਈ ਅਧਾਰ ਨਹੀਂ ਦਿਖਦਾ।
3. ਮਲੱਠੀ ਦੇਣੀ : ਮਲੱਠੀ ਵਿੱਚ ਖੰਘ ਰੋਕੂ ਗੁਣ ਪਾਏ ਜਾਂਦੇ ਹਨ।ਇਹ ਆਦਮੀਆ ਲਈ ਵਰਤੀਆ ਜਾਂਦੀਆ ਖੰਘ ਵਾਲੀਆ ਦਵਾਈਆ ਵਿੱਚ ਵੀ ਮਿਲਾਈ ਜਾਂਦੀ ਹੈ।



Scanned by CamScanner

25. ਲੱਤ ਉਤਰਨ ਤੇ

ਕਈ ਵਾਰ ਪਸ਼ੂ ਦੇ ਡਿਗਣ ਨਾਲ ਜਾਂ ਤਿਲਕਣ ਨਾਲ ਉਸ ਦੀ ਲੱਤ ਉਤਰ ਜਾਦੀ ਹੈ ਅਜਿਹੇ ਕੇਸਾਂ ਵਿੱਚ ਪਸ਼ੂ ਪਾਲਕ-

1. ਲੱਤ ਤੇ ਬੇਹਾ ਪਾਣੀ ਪਾਉਦੇ ਹਨ
2. ਗਰਮ ਪਤੀਲੇ ਲਗਾਉਦੇ ਹਨ

ਇਹਨਾਂ ਦਾ ਕੋਈ ਵੀ ਅਧਾਰ ਨਹੀ ਹੈ।

3. ਛੱਪੜ ਚ ਛੱਡਣਾ : ਕਈ ਵਾਰ ਅਜਿਹੇ ਪਸ਼ੂ ਨੂੰ ਛੱਪੜ ਵਿੱਚ ਛੱਡਿਆ ਜਾਦਾ ਹੈ।ਪਸ਼ੂ ਡੁਬਦਾ ਨਹੀ ਤਰਦਾ ਰਹਿੰਦਾ ਹੈ ਭਾਵ ਲੱਤਾਂ ਮਾਰਦਾ ਰਹਿੰਦਾ ਹੈ ਇਸ ਹਰਕਤ ਨਾਲ ਕਈ ਵਾਰ ਲੱਤ ਚੜ ਵੀ ਜਾਂਦੀ ਹੈ ਪਰ ਇਸ ਦੀ ਕੋਈ ਗਰੰਟੀ ਨਹੀਂ ਹੈ।

ਸਿਆਣਪ ਇਸ ਵਿੱਚ ਹੀ ਹੈ ਕਿ ਪਸ਼ੂ ਦਾ ਛੇਤੀ ਤੋ ਛੇਤੀ ਡਾਕਟਰ ਤੋ ਇਲਾਜ਼ ਕਰਵਾਉ।

**26 ਬੁਖਾਰ ਟੁਟਦਾ ਨਾ ਹੋਵੇ :**

ਹਾਲੋ ਤੇ ਜਵੈਨ ਦੋਵਾਂ ਦੀ 125 ਗ੍ਰਾਮ ਮਾਤਰਾ ਲੈ ਕੇ ਉਸ ਨੂੰ 12 ਘੰਟੇ ਭਿਉ ਕੇ ਰਖਦੇ ਹਨ ਤੇ ਫਿਰ ਪਸ਼ੂ ਨੂੰ ਖੁਆ ਦਿੰਦੇ ਹਨ। ਇਸ ਤਰ੍ਹਾਂ ਅਗਲੀ ਦਿਨ ਵਾਸਤੇ ਭਿਉਂ ਕੇ ਰੱਖ ਦਿੰਦੇ ਹਨ ਇਹ ਦੋਨਾ ਚੀਜ਼ਾ ਪਸ਼ੂ ਨੂੰ 4 ਦਿਨਾਂ ਤੱਕ ਖੁਆਈਆਂ ਜਾਂਦੀਆਂ ਹਨ ।

**27. ਉਲੀ ਵਾਲੇ ਪੱਠਿਆ ਖਾਣ ਨਾਲ ਹੋਏ ਛਾਲਿਆਂ ਵਾਸਤੇ :** ਅਜਿਹੇ ਕੇਸਾਂ ਵਿਚ ਮਿੱਠਾ ਸੋਡਾ, ਸਰੋਂ ਦਾ ਤੇਲ ਤੇ ਦਹੀਂ ਨੂੰ ਮਿਲਾ ਕੇ ਪਸ਼ੂ ਨੂੰ ਖੁਆਇਆ ਜਾਂਦਾ ਹੈ । ਦਹੀ ਵਿਚ ਲੈਕਟੋਬੈਸੀਲੇਸ ਨਾਂ ਦੇ ਸੂਖਮ ਜੀਵ ਹੁੰਦੇ ਹਨ ਜੋ ਪਸ਼ੂ ਦੇ ਮਹਿਦੇ ਵਿਚ ਵੀ ਪਾਏ ਜਾਂਦੇ ਹਨ ਤੇ ਇਹ ਵਿਟਾਮਿਨ ਬਣਾ ਕੇ ਪਸ਼ੂ ਦੇ ਮੂੰਹ ਵਿਚ ਹੋਏ ਛਾਲਿਆਂ ਨੂੰ ਦਰੁਸਤ ਕਰਨ ਵਿਚ ਮਦਦ ਕਰ ਸਕਦਾ ਹੈ ।

**28 ਬੁਲ੍ਹਾਂ ਵੱਜਣਾ :** ਕਈ ਵਾਰ ਪਸ਼ੂ ਨੂੰ ਜਿਆਦਾ ਗਰਮੀ ਜਾਂ ਸਰਦੀ ਵਿਚ ਬੁਖਾਰ ਹੋ ਜਾਂਦਾ ਹੈ ਇਸ ਨੂੰ ਬੁਲ੍ਹਾ ਵੱਜਣਾ ਕਹਿੰਦੇ ਹਨ । ਬੁਲ੍ਹਾ ਹਵਾ ਨੂੰ ਕਿਹਾ ਜਾਂਦਾ ਹੈ ।

ਅਜਿਹੇ ਪਸ਼ੂ ਨੂੰ ਪਸ਼ੂ ਪਾਲਕ 50 ਗ੍ਰਾਮ ਸੋਏ, 50 ਗ੍ਰਾਮ ਜਵੈਨ, 50 ਗ੍ਰਾਮ ਜੀਰੀ 100 ਗ੍ਰਾਮ ਕਾਲਾ ਲੂਣ ਤੇ 5-7 ਗਿਰੀਆ ਬਦਾਮ ਦੀਆਂ ਦਾ ਕਾੜ੍ਹਾ ਦਿੰਦੇ ਹਨ । ਉਪਰੋਕਤ ਸਾਰੀਆਂ ਚੀਜਾਂ ਨੂੰ ਮਿਲਾ ਕੇ ਦੋ ਖੁਰਾਕਾਂ ਵਿਚ ਖੁਆਇਆ ਜਾਂਦਾ ਹੈ ।

**29. ਕੱਟੜੂ ਵੱਛੜੂ ਰੱਸਾ ਚੱਬੇ ਤਾਂ ਰੱਸੇ ਨੂੰ ਗੋਹਾ ਲਾਉਣਾ :** ਕਈ ਵਾਰ ਕੱਟੜੂ ਵੱਛੜੂ ਨੂੰ ਰੱਸਾ ਚੱਬਣ ਦੀ ਬੁਰੀ ਆਦਤ ਪੈ ਜਾਂਦੀ ਹੈ ਤੇ ਪਸ਼ੂ ਪਾਲਕ ਇਸ ਨੂੰ ਹਟਾਉਣ ਲਈ ਰੱਸੇ ਤੇ ਗੋਹੇ ਲਾ ਦਿੰਦੇ ਹਨ ।

**ਵਿਗਿਆਨਕ ਅਧਾਰ :** ਕਈ ਵਾਰ ਕੁਝ ਧਾਤਾਂ ਦੀ ਘਾਟ ਕਰਕੇ ਕੱਟੜੂ ਵੱਛੜੂ ਕੱਪੜਾ ਰੱਸਾ ਆਦਿ ਚੱਬਣ ਲੱਗ ਜਾਂਦੇ ਹਨ, ਨਾ ਖਾਣ ਵਾਲੀਆਂ ਚੀਜਾਂ ਖਾਣ ਲੱਗ ਪੈਂਦੇ ਹਨ । ਇਨ੍ਹਾਂ ਨਾਲ ਉਨ੍ਹਾਂ ਦੇ ਅੰਦਰ ਮਲੱਪਾਂ ਦੇ ਬਨਣ ਦਾ ਖਤਰਾ ਵੀ ਵੱਧ ਜਾਂਦਾ ਹੈ । ਦੂਸਰਾ ਜੇ ਗੋਹਾ ਲਾ ਦਿੱਤਾ ਜਾਵੇ ਤਾਂ ਹੋ ਸਕਦਾ ਹੈ ਕੱਟੜੂ-ਵੱਛੜੂ ਉਸ ਨੂੰ ਵੀ ਚੱਟ ਜਾਵੇ ਤੇ ਹੋਰ



Scanned by CamScanner

ਬੀਮਾਰੀਆਂ ਸਹੇੜ ਲਵੇ । ਸੋ, ਰੱਸੇ ਦੀ ਥਾਂ ਸੰਗਲੀ ਪਾ ਦਿਓ ਜਾਂ ਇਨਾਂ ਨੂੰ ਖੁਲ੍ਹਾ ਰੱਖੋ । ਸਮੇਂ ਸਮੇਂ ਸਿਰ ਮਲੱਪ ਰਹਿਤ ਕਰੋ ।

**30. ਖੁਰ ਪਾਟਣ ਤੇ ਦੇਸੀ ਤੇਲ ਲਾਉਣਾ** : ਖੁਰ ਪਾਟਣ ਤੇ ਪਸ਼ੂ ਪਾਲਕ ਸਰੋਂ ਦਾ ਤੇਲ ਲਾ ਦਿੰਦੇ ਹਨ ਬਈ ਇਸ ਨਾਲ ਖੁਰ ਠੀਕ ਹੋ ਜਾਵੇਗਾ। ਇਹ ਕੋਈ ਪੱਕਾ ਇਲਾਜ ਨਹੀਂ ਹੈ ਮਾਹਿਰ ਡਾਕਟਰ ਦੀ ਸਲਾਹ ਲਵੋਂ ।

**31. ਗਲ ਘੋਟੂ ਹੋਣ ਦੀ ਸੂਰਤ ਵਿੱਚ**

i) ਸੁੰਢ, ਹਲਦੀ, ਸਰੋਂ ਦਾ ਤੇਲ ਦਾ ਪੇਸਟ ਲਾਉਣਾ।

ਕੁਝ ਇਲਾਕਿਆਂ ਵਿੱਚ ਪਸ਼ੂ ਨੂੰ ਗਲ ਘੋਟੂ ਹੋਣ ਦੀ ਸੂਰਤ ਵਿੱਚ ਪਸ਼ੂ ਪਾਲਕ ਸੁੰਢ, ਹਲਦੀ ਨੂੰ ਗਰਮ ਸਰੋਂ ਦੇ ਤੇਲ ਵਿੱਚ ਮਿਲਾ ਕੇ ਉਸਦਾ ਪੇਸਟ ਬਣਾ ਕੇ ਗਲੇ ਤੇ ਲਾਉਦੇ ਹਨ।

ਇਹ ਮੰਨਿਆ ਜਾਂਦਾ ਹੈ ਕਿ ਸਰੋਂ ਦੇ ਤੇਲ ਵਿੱਚ ਸੋਜ ਨੂੰ ਘੱਟ ਕਰਨ ਦੇ ਗੁਣ ਹੁੰਦੇ ਹਨ। ਹਲਦੀ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਹਨ, ਪਰ ਇਹ ਕੋਈ ਗਾਰੰਟੀ ਵਾਲਾ ਤਰੀਕਾ ਨਹੀਂ ਹੈ।

ii) ਪਸ਼ੂ ਦੇ ਸਰੀਰ ਤੇ ਚੂਨਾ ਛਿੜਕਣਾ : ਕੁਝ ਕੇਸਾਂ ਵਿੱਚ ਪਸ਼ੂ ਪਾਲਕ ਗਲ ਘੋਟੂ ਹੋਣ ਦੀ ਸੂਰਤ ਵਿੱਚ ਪਸ਼ੂ ਦੇ ਸਰੀਰ ਤੇ ਚੂਨਾ (ਕੈਲਸ਼ੀਅਮ ਆਕਸਾਈਡ) ਦਾ ਘੋਲ ਛਿੜਕ ਦਿੰਦੇ ਹਨ। ਚੂਨੇ ਵਿੱਚ ਰੋਗਾਣੂ ਨਾਸ਼ਕ ਗੁਣ ਹੁੰਦੇ ਹਨ।

iii) ਪਸ਼ੂ ਦੀ ਧੋਣ ਤੇ ਗਰਮ ਗਰਮ ਲੋਹਾ / ਚਿਮਟਾ ਲਾਉਣਾ

☛ **ਬਚਾਅ ਲਈ ਗਲਘੋਟੂ ਦਾ ਟੀਕਾ ਲਗਵਾਉ। ਬੀਮਾਰੀ ਹੋਣ ਦੀ ਸੂਰਤ ਵਿੱਚ ਜਲਦੀ ਤੋਂ ਜਲਦੀ ਡਾਕਟਰ ਨੂੰ ਦਿਖਾਉ।**

32. **ਕਸੀਰ/ਮੂੰਹ ਉਛਣ ਹੋਣ ਦੀ ਸੂਰਤ ਵਿੱਚ ਮੂੰਹ ਵਿੱਚ ਲੂਣ ਮਲਣਾ** : ਕਈ ਵਾਰ ਕੁਝ ਕਾਰਨਾਂ ਕਰਕੇ ਪਸ਼ੂ ਦੇ ਮੂੰਹ ਵਿੱਚ ਜਾਂ ਤਾਲਉ ਤੇ ਤਿਖੇ-ਤਿਖੇ ਕੰਡੇ ਜਿਹੇ ਬਣ ਜਾਂਦੇ ਹਨ ਜਿਸ ਨਾਲ ਪਸ਼ੂ ਦੀ ਖਾਣ ਦੀ ਸਮਰੱਥਾ ਘੱਟ ਜਾਂਦੀ ਹੈ। ਅਜਿਹੇ ਕੇਸਾਂ ਵਿੱਚ ਪਸ਼ੂ ਪਾਲਕ ਪਸ਼ੂ ਦੇ ਮੂੰਹ ਵਿੱਚ ਲੂਣ ਮਲਦੇ ਹਨ।

33. **ਫਸਲ ਨੂੰ ਜੰਗਲੀ ਜਾਨਵਰਾਂ ਤੋਂ ਬਚਾਉਣ ਲਈ ਗੋਹਾ ਛਿੜਕਣਾ** : ਪਸ਼ੂ ਪਾਲਕਾਂ ਦਾ ਮੰਨਣਾ ਹੈ ਕਿ ਇਕ ਜਾਨਵਰ ਦੂਜੇ ਜਾਨਵਰ ਦੀ ਮਲ ਮੂਤਰ ਵਾਲੀ ਜਗ੍ਹਾ ਤੇ ਨਹੀਂ ਆਉਂਦਾ ਜਾਂ ਅਜਿਹੀ ਚੀਜ਼ ਨੂੰ ਨਹੀਂ ਖਾਂਦਾ। ਸੋ ਪਸ਼ੂ ਪਾਲਕ ਆਪਣੀਆਂ ਫਸਲਾਂ ਸਬਜ਼ੀਆਂ ਤੇ ਬਾਹਰ-ਬਾਹਰ ਗੋਹੇ ਦਾ ਘੋਲ ਡੋਲ ਦਿੰਦੇ ਹਨ ਜਾਂ ਗੋਹੇ ਦਾ ਸਪਰੇਅ ਫਸਲ-ਸਬਜ਼ੀ ਤੇ ਕਰ ਦਿੰਦੇ ਹਨ।

34. ਬਰਨਾਵਾ/ਕੱਚਾ ਫੋੜਾ/ਗੁੰਮੀ/ਮਾਸ ਖੋਰਾ/ਰਤਗੜ ਹੋਣ ਤੇ ਲਸੂੜੇ/ ਅਕਸਿਨ/ਪੱਥਰ ਚੱਟ ਦੀ ਟਕੋਰ ਕਰਨੀ : ਕਈ ਵਾਰ ਪਸ਼ੂ ਦੇ ਗੁੰਮੀ (Abcess) ਹੋਣ ਦੀ ਸੂਰਤ ਵਿੱਚ ਉਸ ਤੇ ਲਸੂੜੇ/ਅਕਸਿਨ/ਪੱਥਰ ਚੱਟ ਦੀ ਟਕੋਰ ਕਰਦੇ ਹਨ। ਇਸ ਨਾਲ ਇਹ ਗੁੰਮੀ ਪਕ ਜਾਂਦੀ ਹੈ ਤੇ ਫਿਸ ਜਾਂਦੀ ਹੈ।

ਵਿਗਿਆਨਕ ਤੌਰ ਤੇ ਵੀ ਗੁੰਮੀ ਦੀ ਟਕੋਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਦ ਤੱਕ ਇਸ ਦਾ ਕੋਈ ਮੂੰਹ ਨਹੀਂ ਬਣ ਜਾਂਦਾ ਤੇ ਇਹ ਫਿਸ ਨਹੀਂ ਜਾਂਦੀ।



Scanned by CamScanner

# 7. ਕੁੱਤੇ ਪਾਲਣ ਸਬੰਧੀ ਕੁਝ ਧਾਰਨਾਵਾਂ

1. **ਕੁੱਤੇ ਨੂੰ ਮਿੱਠੀ ਚੀਜ਼ ਪਾਉਣ ਨਾਲ ਉਸ ਨੂੰ ਖੁਰਕ ਹੋ ਜਾਂਦੀ ਹੈ** : ਕੁੱਤੇ ਪਾਲਕਾਂ ਵਿੱਚ ਇਹ ਧਾਰਨਾ ਹੈ ਕਿ ਕੁੱਤੇ ਨੂੰ ਮਿਠਿਆਈ, ਖੰਡ ਜਾ ਚਾਹ ਪਿਲਾਉਣ ਨਾਲ ਉਸ ਨੂੰ ਖੁਰਕ ਪੈ ਜਾਂਦੀ ਹੈ।

**ਸੱਚਾਈ** : ਇਹ ਗਲਤ ਧਾਰਨਾ ਹੈ ਕਿ ਮਿੱਠਾ ਖੁਆਉਣ ਨਾਲ ਖੁਰਕ ਹੋ ਜਾਂਦੀ ਹੈ ਖੁਰਕ ਸਿਰਫ ਚੰਮ ਜੂਆਂ ਪੈਣ ਨਾਲ ਹੁੰਦੀ ਹੈ। ਮਿੱਠਾ ਊਰਜਾ ਦਾ ਸ੍ਰੋਤ ਹੁੰਦਾ ਹੈ।

2. **ਕੱਚਾ ਮੀਟ ਪਾਉਣ ਨਾਲ ਕੁੱਤੇ ਖੂਨ ਦੇ ਪਿਆਸੇ ਹੋ ਜਾਂਦੇ ਹਨ** : ਇਹ ਮੰਨਿਆ ਜਾਂਦਾ ਹੈ ਕਿ ਕੁੱਤੇ ਨੂੰ ਕੱਚਾ ਮੀਟ ਪਾਉਣ ਨਾਲ ਕੁੱਤਾ ਖੂੰਖਾਰ ਹੋ ਜਾਂਦਾ ਹੈ। ਖੂਨੀ ਹੋ ਜਾਂਦਾ ਹੈ।

**ਸੱਚਾਈ** : ਇਹ ਗਲਤ ਧਾਰਨਾ ਹੈ ਕਿਉਂਕਿ ਪਾਲਤੂ ਬਨਣ ਤੋਂ ਪਹਿਲਾਂ ਕੁੱਤੇ ਸ਼ਿਕਾਰ ਕਰਕੇ ਹੀ ਆਪਣਾ ਢਿੱਡ ਭਰਦੇ ਸਨ ਜਾਂ ਫਿਰ ਮਰੇ ਹੋਏ ਜਾਨਵਰਾਂ ਦਾ ਮਾਸ ਜਾਂ ਹੋਰ ਕਿਸੇ ਜਾਨਵਰ ਦਾ ਬਚਿਆ ਹੋਇਆ ਸ਼ਿਕਾਰ ਖਾਂਦੇ ਸਨ।

3. **ਕੁੱਤੇ ਨੂੰ ਖੁਰਕ ਪੈਣ ਦੀ ਸੂਰਤ ਵਿੱਚ ਸੱਪ ਦੀ ਕੁੰਜ ਖੁਆਉ** : ਕੁੱਝ ਲੋਕ ਕੁੱਤੇ ਵਿੱਚ ਖੁਰਕ ਪੈਣ ਦੀ ਹਾਲਤ ਵਿਚ ਸੱਪ ਦੀ ਕੁੰਜ ਖੁਆਉਂਦੇ ਹਨ ਇਹ ਸੋਚ ਕੇ ਬਈ ਇਸ ਨਾਲ ਖੁਰਕ ਠੀਕ ਹੋ ਜਾਵੇਗੀ ।

**ਸੱਚਾਈ** : ਇਸ ਵਿੱਚ ਕੋਈ ਵਿਗਿਆਨਕ ਅਧਾਰ ਨਹੀਂ ਹੈ। ਪਹਿਲੀ ਗੱਲ ਤਾਂ ਅੱਜਕਲ ਸੱਪ ਦੀ ਕੁੰਜ ਲੱਭੇਗੀ ਹੀ ਨਹੀਂ ਤੇ ਦੂਸਰੀ ਗੱਲ ਜੇ ਲੱਭ ਵੀ ਪਈ ਤਾਂ ਇਸਦੇ ਖੁਆਉਣ ਨਾਲ ਕੁੱਤੇ ਦੀ ਖੁਰਕ ਠੀਕ ਨਹੀਂ ਹੋਣ ਲੱਗੀ। ਚੰਗਾ ਹੈ ਡਾਕਟਰ ਦੀ ਸਲਾਹ ਨਾਲ ਖੁਰਕ ਦਾ ਇਲਾਜ ਕਰਵਾਉ।

4. **ਜ਼ਖਮ ਹੋਣ ਦੀ ਸੂਰਤ ਵਿੱਚ ਇੰਜਣ ਦਾ ਤੇਲ/ਮਿੱਟੀ ਦਾ ਤੇਲ ਲਾਉਣਾ** : ਪਿੰਡਾਂ ਵਿੱਚ ਲੋਕ ਅਕਸਰ ਜ਼ਖਮ ਹੋਣ ਦੀ ਸੂਰਤ ਵਿੱਚ ਕਾਲਾ ਤੇਲ/ਮਿੱਟੀ ਦਾ ਤੇਲ ਲਗਾ ਦਿੰਦੇ ਹਨ ਬਈ ਇਸ ਨਾਲ ਜ਼ਖਮ ਜਲਦੀ ਠੀਕ ਹੋ ਜਾਵੇਗਾ।

**ਸੱਚਾਈ** : ਇੰਜਣ ਦਾ ਤੇਲ/ਕਾਲਾ ਤੇਲ ਲਗਾਉਣ ਨਾਲ ਜ਼ਖਮ ਹੋਰ ਵੀ ਖਰਾਬ ਹੋ ਸਕਦਾ ਹੈ ਜ਼ਹਿਰਵਾਦ ਵੀ ਹੋ ਸਕਦਾ ਹੈ।

5. **ਹਲਕੇ ਕੁੱਤੇ ਦੇ ਵੱਡਣ ਤੇ ਹੋਏ ਜ਼ਖਮ ਉਤੇ ਲਾਲ ਮਿਰਚ ਲਾਉਣ ਨਾਲ ਹਲਕਾਅ ਨਹੀਂ ਹੁੰਦਾ** : ਕੁਝ ਲੋਕ ਉਪਰੋਕਤ ਧਾਰਨਾ ਨੂੰ ਮੰਨ ਕੇ ਹਲਕੇ ਕੁੱਤੇ ਦੇ ਵੱਡਣ ਨਾਲ ਹੋਏ ਜ਼ਖਮ ਤੇ ਲਾਲ ਮਿਰਚ ਲਗਾ ਦਿੰਦੇ ਹਨ ਬਈ ਇਸ ਨਾਲ ਹਲਕਾਅ ਨਹੀਂ ਹੋਵੇਗਾ।

**ਸੱਚਾਈ** : ਇਹ ਬਿਲਕੁਲ ਗਲਤ ਧਾਰਨਾ ਹੈ ਇਹ ਕਦੇ ਵੀ ਨਹੀਂ ਕਰਨਾ ਚਾਹੀਦਾ ਸਗੋਂ ਕਪੜੇ ਧੋਣ ਵਾਲੇ ਸਾਬਣ ਨਾਲ ਜ਼ਖਮ ਨੂੰ ਧੋਣਾ ਚਾਹੀਦਾ ਹੈ ਤੇ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਜਲਦੀ ਤੋਂ ਜਲਦੀ ਹਲਕਾਅ ਤੋਂ ਬਚਾਅ ਵਾਲੇ ਟੀਕੇ ਲਗਵਾਉ ।

6. **ਕੁੱਤੇ ਨੂੰ ਭੂੰਡ ਮਾਰ ਕੇ ਖੁਆਉਣ ਕੁੱਤਾ ਖੂੰਖਾਰ ਹੋ ਜਾਂਦਾ ਹੈ** : ਕੁੱਝ ਲੋਕ ਕੁੱਤੇ ਨੂੰ ਕੋੜ ਕਰਨ ਦੇ ਚੱਕਰਾਂ ਵਿੱਚ ਕੁੱਤੇ ਨੂੰ ਭੂੰਡ ਮਾਰ ਕੇ ਖੁਆਉਂਦੇ ਹਨ ਅਖੇ ਇਸ ਨਾਲ ਕੁੱਤਾ ਖੂੰਖਾਰ ਹੋ ਜਾਵੇਗਾ ।

**ਸੱਚਾਈ** : ਇਸ ਧਾਰਨਾ ਵਿੱਚ ਕੋਈ ਸੱਚਾਈ ਨਹੀਂ ਭੂੰਡ ਵੀ ਇਕ ਮਾਸ ਦੀ ਤਰ੍ਹਾਂ ਹੀ ਹਜ਼ਮ ਹੁੰਦਾ ਹੈ ਇਸ ਦਾ ਕੁੱਤੇ ਦੇ ਖੂੰਖਾਰ ਹੋਣ ਨਾਲ ਕੋਈ ਲੈਣ ਦੇਣ ਨਹੀਂ। ਕੁੱਤੇ ਦਾ ਕੋੜ ਹੋਣਾ ਇਸਦੀ ਜੱਦ (ਨਸਲ) ਤੇ ਨਿਰਭਰ ਕਰਦਾ ਹੈ।



Scanned by CamScanner

**7. ਕੁੱਤੇ ਨੂੰ ਚੋਲ ਨਹੀਂ ਖੁਆਉਣੇ ਚਾਹੀਦੇ :** ਕੁੱਝ ਲੋਕਾਂ ਦਾ ਇਹ ਮੰਨਣਾ ਹੈ ਕਿ ਕੁੱਤੇ ਨੂੰ ਚੋਲ ਨਹੀਂ ਪਾਉਣੇ ਚਾਹੀਦੇ ਕਿਉਂਕਿ ਇਹ ਹਜ਼ਮ ਨਹੀਂ ਹੁੰਦੇ, ਵਾਈ ਹੁੰਦੇ ਹਨ ਆਦਿ ।

**ਸੱਚਾਈ :** ਇਹ ਧਾਰਨਾ ਬਿਲਕੁਲ ਗਲਤ ਹੈ ਚੋਲ ਕੁੱਤੇ ਦੀ ਆਮ ਖੁਰਾਕ ਦਾ ਇਕ ਹਿੱਸਾ ਹੁੰਦੇ ਹਨ ਤੇ ਜਲਦੀ ਹਜ਼ਮ ਹੋ ਜਾਂਦੇ ਹਨ ।

**8. ਕੋੜਾ ਬਣਾਉਣ ਲਈ ਮਿਰਚਾਂ ਖੁਆਉਣਾ :** ਕਈ ਲੋਕ ਆਪਣੇ ਕੁੱਤੇ ਨੂੰ ਕੋੜ ਬਣਾਉਣ ਲਈ ਮਿਰਚਾਂ ਖੁਆਉਂਦੇ ਹਨ ਬਈ ਕੁੱਤਾ ਵੀ ਮਿਰਚਾਂ ਦੀ ਤਰ੍ਹਾਂ ਕੋੜਾ ਹੋ ਜਾਵੇਗਾ ।

ਚਿਤਾਵਨੀ : ਕੱਤੇ ਦਾ ਕੋੜ ਹੋਣਾ ਉਸ ਦੀ ਜੱਦ ਤੇ ਨਿਰਭਰ ਕਰਦਾ ਹੈ। ਪਰ ਇਥੇ ਇਹ ਗੱਲ ਦੱਸਣਯੋਗ ਹੈ ਕਿ ਕੁੱਤੇ ਦੀ ਪਾਚਣ ਪ੍ਰਣਾਲੀ ਵੀ ਬੰਦੇ ਵਾਂਗ ਹੁੰਦੀ ਹੈ ਜ਼ਿਆਦਾ ਮਿਰਚਾ ਖੁਆਉਣ ਨਾਲ ਅੰਤੜੀਆ ਵਿੱਚ ਜ਼ਖਮ ਜਾਂ ਬਵਾਸੀਰ ਆਦਿ ਹੋ ਸਕਦੀ ਹੈ ।

**9. ਬਵੀਹੇ ਕੁੱਤੇ ਨੂੰ (20 ਨੂੰਹਾਂ ਵਾਲੇ ਨੂੰ) ਹਲਕਾਅ ਨਹੀਂ ਹੁੰਦਾ :** ਕਈ ਕੁੱਤਿਆ ਵਿੱਚ 20 ਨੂੰਹ ਹੁੰਦੇ ਹਨ ਤੇ ਕਈ ਲੋਕਾਂ ਦਾ ਇਹ ਮੰਨਣਾ ਹੈ ਕਿ ਇਸ ਕੁੱਤੇ ਨੂੰ ਹਲਕਾਅ ਨਹੀਂ ਹੁੰਦਾ ।

**ਵਿਗਿਆਨਕ ਅਧਾਰ :** ਹਲਕਾਅ ਦਾ ਹੋਣਾ ਜਾਂ ਨਾ ਹੋਣਾ ਇਸ ਦਾ ਨੂੰਹਾ ਨਾਲ ਕੋਈ ਸਬੰਧ ਨਹੀਂ। ਹਲਕਾਅ ਇਕ ਵਿਸ਼ਾਣੂ ਨਾਲ ਹੁੰਦਾ ਹੈ ਜੋ ਕਿ ਨਿਉਲੇ, ਚਮਗਿਦੜ ਆਦਿ ਦੇ ਥੁੱਕ ਵਿੱਚ ਪਾਇਆ ਜਾਂਦਾ ਹੈ। ਇਸ ਤਰ੍ਹਾਂ ਜੇ ਬਵੀਹੇ ਕੁੱਤੇ ਵਿੱਚ ਇਹ ਵਿਸ਼ਾਣੂ ਪਹੁੰਚ ਗਿਆ ਤਾਂ ਉਸ ਨੂੰ ਵੀ ਹਲਕਾਅ ਹੋ ਜਾਵੇਗਾ ।

**ਚਿਤਾਵਨੀ :** ਉਪਰੋਕਤ ਕੁੱਤੇ ਵੱਡਣ ਤੇ (ਜੇ ਹਲਕਾਅ ਦਾ ਸ਼ੱਕ ਹੋਵੇ) ਤਾਂ ਜਿੰਨ੍ਹੀ ਜਲਦੀ ਹੋ ਸਕੇ ਹਲਕਾਅ ਤੋਂ ਬਚਾਅ ਵਾਲੇ ਟੀਕੇ ਲਗਵਾਉ ।



Scanned by CamScanner

# 8. ਪਸ਼ੂਆਂ ਨਾਲ ਜੁੜੀਆਂ ਕੁਝ ਮਸ਼ਹੂਰ ਕਹਾਵਤਾਂ

| | | |
|---|---|---|
| 1. | A dogs life | ਦੁੱਖ ਭਰੀ ਜ਼ਿੰਦਗੀ |
| 2. | A bag of cats | ਇੱਕੋ ਤਰ੍ਹਾਂ ਦੀਆਂ ਚੀਜ਼ਾਂ |
| 3. | A Bird in the hand is worth than two in the bush | ਉਧਾਰ ਨਾਲੋਂ ਨਗਦ ਚੰਗਾ / ਨੌਂ ਨਗਦ ਨਾ ਤੇਰ੍ਹਾਂ ਉਧਾਰ |
| 4. | A bone of contention | ਲੜਾਈ/ਝਗੜੇ ਦਾ ਕਾਰਨ, ਕਿਸੇ ਚੀਜ਼ ਲਈ ਲੜਣਾ |
| 5. | A cat has nine lives | ਚਲਾਕ ਆਦਮੀ ਤੇ ਜ਼ਿਆਦਾ ਵਿਸ਼ਵਾਸ ਨਾ ਕਰੋ |
| 6. | A feather in the cap | ਇਕ ਹੋਰ ਪ੍ਰਾਪਤੀ |
| 7. | A mare's nest | ਅਸੰਭਵ ਹਾਸਿਲ ਕਰਨਾ, ਅਜਿਹੀ ਕਰਨਾ/ਖੋਜਣਾ ਜੋ ਸੱਚ ਨਾ ਹੋਵੇ |
| 8. | A mule can swim different strokes, when he sees water he forgets them all. | ਕਾਗਜ਼ੀ ਸ਼ੇਰ |
| 9. | A pig in a poke | ਬਿਨਾਂ ਪਰਖੇ ਕੋਈ ਚੀਜ਼ ਖਰੀਦਣੀ |
| 10. | A queer fish | ਓਪਰਾ ਆਦਮੀ |
| 11. | A scapegoat | ਬਲੀ ਦਾ ਬੱਕਰਾ |
| 12. | A straw in the wind | ਕਿਸੇ ਚੀਜ ਦੀ ਸੰਭਾਵਨਾ ਹੋਣੀ |
| 13. | A wild goose chase | ਮੂਰਖਤਾ ਵਾਲਾ ਕੰਮ |
| 14. | A wolf in sheep's clothing | ਰੰਗਾ ਸਿਆਰ, ਮਿੱਤਰ ਰੂਪੀ ਦੁਸ਼ਮਣ |
| 15. | All egg in one basket | ਸਾਰਾ ਧੰਨ ਇਕ ਕੰਮ ਚ ਲਾਉਣਾ। ਸਭ ਕੁਝ ਝੋਕਣਾਂ, ਇੱਕ ਵੱਡਾ ਦਾਅ |
| 16. | All men are animals, some just make better pets | ਹਮੇਸ਼ਾ ਕੁੱਤਾ ਹੀ ਵਫਾਦਾਰ ਅਤੇ ਪਾਲਤੂ ਹੁੰਦਾ ਹੈ |
| 17. | As blind as a bat | ਅਗਿਆਨੀ |
| 18. | As brisk as butterfly | ਤਿੱਤਲੀ ਵਾਂਗ ਫੁਰਤੀਲਾ |
| 19. | As greedy as wolf | ਭੇੜੀਏ ਵਾਂਗ ਲਾਲਚੀ |



Scanned by CamScanner

| | | |
|---|---|---|
| 20. | As scarce as hen's teeth. | ਗਧੇ ਦੇ ਸਿੰਗਾਂ ਵਾਂਗ ਅਲੋਪ ਹੋਣਾ |
| 21. | As silly as a sheep | ਭੇਡ ਜਿਹਾ ਮੂਰਖ |
| 22. | As strong as a lion | ਬਹੁਤ ਮਜ਼ਬੂਤ |
| 23. | As strong as an ox | ਸਾਨ੍ਹ ਵਰਗਾ ਬਹਾਦਰ |
| 24. | As tame as chicken | ਡਰੂ |
| 25. | As the crow flies | ਸਿੱਧਾ ਫਾਸਲਾ, ਸਿੱਧਾ ਚਲਣਾ |
| 26. | As timid as a hare | ਬਹੁਤ ਡਰਪੋਕ |
| 27. | As tricky as monkey | ਬਹੁਤ ਚਲਾਕ |
| 28. | As watchful as a hawk | ਸਤਰਕ ਰਹਿਣ ਵਾਲਾ |
| 29. | Bark up the wrong tree | ਗਲਤ ਜਗ੍ਹਾ ਨਿਸ਼ਾਨਾ ਲਾਉਣਾ |
| 30. | Barking dogs seldom bite | ਜਿਹੜੇ ਭੌਂਕਦੇ ਹਨ ਉਹ ਵੱਡਦੇ ਨਹੀਂ |
| 31. | Bear the brunt | ਬਰਦਾਸ਼ਤ ਕਰੋ |
| 32. | Better healthy donkey than a consumptive philosopher. | ਵਿਹਲੇ ਗੱਲਾਂ ਕਰਨ ਨਾਲੋਂ ਕੰਮ ਕਰਨਾ ਬੇਹਤਰ |
| 33. | Biggest duck in the puddle | ਨੇਤਾ, ਵੱਡਾ ਆਦਮੀ |
| 34. | Biggest frog | ਵੱਡੀ ਮੱਛੀ / ਨੇਤਾ |
| 35. | Birds of a feather | ਇਕੋ ਵਿਚਾਰਾਂ ਵਾਲੇ ਆਦਮੀ |
| 36. | Birds' eye view | ਅਸਮਾਨੀ ਜਾਇਜ਼ਾ, ਮੋਟੇ ਤੌਰ ਤੇ |
| 37. | Black sheep of the family | ਘਰ ਦਾ ਭੇਤੀ, ਬੁਰਾ ਆਦਮੀ |
| 38. | Book worm | ਕਿਤਾਬੀ ਕੀੜਾ |
| 39. | Break one's duck | ਕਈ ਅਸਫਲਤਾਵਾਂ ਪਿਛੋਂ ਮਿਲੀ ਸਫਲਤਾ ਦੀ ਖ਼ੁਸ਼ੀ |
| 40. | Buck up | ਹੌਂਸਲਾ ਅਫਜ਼ਾਈ ਕਰਨੀ |
| 41. | Bull eye | ਨਿਸ਼ਾਨਾ ਲਾਉਣ ਲਈ ਬਣਿਆ ਚੱਕਰ |
| 42. | Bull headed | ਜ਼ਿੱਦੀ |
| 43. | Bull in a china shop | ਗਲਤ ਥਾਂ ਤੇ ਹੋਣਾ |
| 44. | Bull neck | ਮੋਟੀ ਧੋਣ ਵਾਲਾ |
| 45. | Bull points | ਸਭ ਤੋਂ ਮਹੱਤਵਪੂਰਨ ਗੱਲ |



Scanned by CamScanner

| | | |
|---|---|---|
| 46. | Bull shit | ਬਕਵਾਸ, ਮੂਰਖਤਾ ਭਰੀ ਗੱਲ |
| 47. | Busy as a bee | ਕੰਮ ਵਿਚ ਬਹੁਤ ਰੁੱਝਣਾ, ਹਮੇਸ਼ਾ ਵਿਅਸਥ ਰਹਿਣਾ |
| 48. | Butterflies in the stomach | ਬਹੁਤ ਭੁੱਖ ਲੱਗਣਾ, ਢਿੱਡ ਵਿੱਚ ਚੂਹੇ ਨੱਚਣਾ |
| 49. | Can of worm | ਮੁਸੀਬਤ ਸਹੇੜਨਾ |
| 50. | Cash cow | ਲਗਾਤਾਰ ਫਾਇਦਾ ਦੇਣ ਵਾਲਾ |
| 51. | Cat got your tongue | ਚੁੱਪ ਰਹਿਣਾ |
| 52. | Cat mouse play | ਚੂਹੇ-ਬਿੱਲੀ ਦੀ ਖੇਡ |
| 53. | Catch more flies with honey than vinegar | ਗੁੜ ਨਾਲ ਮਰੇ ਤਾਂ ਜ਼ਹਿਰ ਦੀ ਕੀ ਲੋੜ |
| 54. | Catch the bull from the horns. | ਮਜ਼ਬੂਤ ਨੂੰ ਧੋਣੋ ਫੜੋ |
| 55. | Catching flies | ਵਿਹਲੇ ਬੈਠਣਾ / ਮੱਖੀਆਂ ਮਾਰਨਾ |
| 56. | Cats don't catch mice to please God. | ਬਿੱਲੀ ਦਿਖਾਵੇ ਲਈ ਚੂਹੇ ਨੂੰ ਨਹੀਂ ਫੜਦੀ |
| 57. | Chicken egg situation | ਮੁਰਗੀ ਪਹਿਲਾਂ ਆਈ ਕਿ ਆਂਡਾ (ਵਰਗੀ ਸਥਿਤੀ) |
| 58. | Chicken feed | ਬਹੁਤ ਥੋੜਾ |
| 59. | Chicken hearted | ਡਰਪੋਕ |
| 60. | Chicken in every pot | ਸਭ ਲਈ ਸਭ ਕੁੱਝ |
| 61. | Chicken out | ਖਿਸਕ ਜਾਣਾ, ਵਿਸ਼ਵਾਸ ਦੀ ਘਾਟ ਕਾਰਨ ਕਿਸੇ ਚੀਜ਼ ਤੋਂ ਪਿਛੇ ਹੱਟਣਾ |
| 62. | Chicken run | ਛੋਟਾ ਗਰਾਊਂਡ ਜਿਸਦੇ ਆਲੇ ਦੁਆਲੇ ਜਾਲੀ ਲੱਗੀ ਹੋਵੇ |
| 63. | Clay pigeon | ਮਿੱਟੀ ਦਾ ਮਾਧੋ |
| 64. | Clip the wings | ਤਾਕਤ ਘਟਾਉਣੀ |
| 65. | Cock & bull story | ਮਨ ਘੜਤ ਕਹਾਣੀਆਂ |
| 66. | Copy cat | ਨਕਲ ਮਾਰਨਾ |
| 67. | Count one's chicken before they are hatched | ਆਉਣ ਵਾਲੇ ਕੱਲ ਦਾ ਲੇਖਾ ਜੋਖਾ ਪਹਿਲਾਂ ਹੀ ਕਰ ਲੈਣਾ, ਖਿਆਲੀ ਪੁਲਾਉ, ਸ਼ੇਖਚਿੱਲੀ |
| 68. | Cow is the foundation of our economy | ਗਾਂ ਸਾਡੇ ਦੇਸ਼ ਦੀ ਨੀਂਹ ਹੈ |



Scanned by CamScanner

| | | |
|---|---|---|
| 69. | Cow Juice | ਦੁੱਧ |
| 70. | Cow's milk is tonic, its ghee is ambrosia & its meat is disease. | ਗਾਂ ਦਾ ਦੁੱਧ ਅਮ੍ਰਿਤ ਹੈ, ਘਿਉ ਉੱਤਮ ਹੈ ਤੇ ਮਾਸ ਬੀਮਾਰੀ ਹੈ |
| 71. | Crazy as a peach- orchard boar | ਬਹੁਤ ਪਿੱਛੇ ਪੈਣਾ |
| 72. | Crocodile is only strong in the water | ਆਪਣੇ ਘਰ ਵਿਚ ਸਾਰੇ ਸ਼ੇਰ ਹੁੰਦੇ ਹਨ |
| 73. | Crocodile tear | ਮਗਰਮੱਛ ਦੇ ਆਂਸੂ, ਝੂਠੇ ਅੱਥਰੂ |
| 74. | Cut dogs has no pups | ਦਾਈਆਂ ਬੱਚੇ ਨਹੀਂ ਜੰਮਦੀਆਂ |
| 75. | Dark horse | ਛੁਪਿਆ ਰੁਸਤਮ |
| 76. | Dark like the inside of cow's belly | ਬਹੁਤ ਹਨੇਰਾ |
| 77. | Dead duck | ਮਰਿਆ ਸੱਪ |
| 78. | Do it in a cats paw | ਗੁਪਤ ਕੰਮ ਕਰਨਾ |
| 79. | Do not rush cattle | ਜਲਦੀ ਨਾ ਕਰੋ |
| 80. | Does not have enough sense to bell a cat | ਸਹੀ ਸਮਝ ਨਾ ਹੋਣਾ |
| 81. | Dog days | ਸਾਲ ਦਾ ਸਭ ਤੋਂ ਵਧ ਗਰਮੀ ਵਾਲਾ ਸਮਾਂ |
| 82. | Dog ear | ਮੁੜਿਆ ਵਰਕਾ |
| 83. | Dog in the manger | ਖੁਰਲੀ ਵਿਚ ਕੁੱਤਾ ਛੱਡਣਾ, ਨਾ ਖਾਣਾ ਨਾ ਖਾਣ ਦੇਣਾ |
| 84. | Dog tired | ਬਹੁਤ ਥਕਿਆ |
| 85. | Dog's break fast/ dinner | ਬਹੁਤ ਉਲਟੀ ਸਿੱਧੀ ਜਾਂ ਗੰਦੀ ਚੀਜ਼ |
| 86. | Don't let the bed bugs bite | ਕਿਸੇ ਚੀਜ਼ ਲਈ ਪਹਿਲਾਂ ਤੋਂ ਤਿਆਰੀ ਕਰਨੀ ਤਾਂ ਕਿ ਉਹ ਨੁਕਸਾਨ ਨਾ ਕਰੇ |
| 87. | Don't change horses in mid stream | ਫੈਸਲੇ ਤੋਂ ਬਾਅਦ ਨਾ ਬਦਲੋ, ਜੰਗ ਵਿੱਚ ਘੋੜੇ ਨਾ ਬਦਲੋ |
| 88. | Donkey worker | ਸਿਰ ਸੁੱਟ ਕੇ ਕੰਮ ਕਰਨ ਵਾਲਾ |
| 89. | Draw in one's horn | ਕਾਬੂ ਕਰਨਾ (ਵਿਚਾਰਾਂ ਤੇ, ਖਰਚੇ ਤੇ ਆਦਿ) |
| 90. | Drink like a fish | ਸਿਰੇ ਦਾ ਪਿਆਕੜ, ਸ਼ਰਾਬੀ |
| 91. | Duck out of something | ਕਿਨਾਰਾ ਕਰਨਾ |
| 92. | Duck soup | ਬਹੁਤ ਸੌਖਾਲਾ |



Scanned by CamScanner

| | | |
|---|---|---|
| 93. | Eagle eyes | ਬਹੁਤ ਜਾਣੂ ਹੋਣਾ / ਦੂਰਦਰਸ਼ੀ |
| 94. | Early bird may get the worm but the second may get the cheese | ਬਹੁਤੀ ਕਾਹਲੀ ਵੀ ਠੀਕ ਨਹੀਂ, ਕਾਹਲੀ ਅੱਗੇ ਟੋਏ |
| 95. | Eating crows | ਥੁੱਕ ਕੇ ਚੱਟਣਾ |
| 96. | Egg head | ਬਹੁਤ ਚਲਾਕ, ਦਿਮਾਗੀ |
| 97. | Elephant never forget ar injury . | ਖੁੰਦਕ ਕੱਢਣੀ, ਖੋਰੀ |
| 98. | Even ill nurtured cows give milk. | ਮਾੜੇ ਇਨਸਾਨ ਨੂੰ ਵੀ ਕੰਮ ਕਰਨਾ ਪੈਂਦਾ ਹੈ |
| 99. | Even the worm will turn | ਮਾੜਾ ਵੀ ਹਮਲਾ ਕਰ ਸਕਦਾ ਹੈ |
| 100. | Every dog has its day | ਸਭ ਦੇ ਦਿਨ ਫਿਰਦੇ ਹਨ |
| 101. | Every horse thinks that its own pack is heavier | ਸਭ ਨੂੰ ਆਪਣਾ ਕੰਮ / ਭਾਰ ਜ਼ਿਆਦਾ ਲੱਗਦਾ ਹੈ |
| 102. | Fat as a pig | ਬਹੁਤ ਮੋਟਾ |
| 103. | Fat cat | ਅਮੀਰ ਹੋਣਾ |
| 104. | Fight like cat & dog | ਬੁਰੀ ਤਰਾਂ ਲੜਣਾ |
| 105. | Fish in troubled water | ਦੂਜਿਆਂ ਦੀ ਮੁਸੀਬਤ ਦਾ ਫਾਇਦਾ ਉਠਾਉਣਾ |
| 106. | Fish market | ਰੌਲੇ ਰੱਪੇ ਵਾਲੀ ਜਗ੍ਹਾ |
| 107. | Fish out of water | ਤੜਫਣਾ, ਮੁਸੀਬਤ ਵਿਚ ਹੋਣਾ |
| 108. | Fishing for compliment | ਖੁਸ਼ ਕਰਨ ਲਈ ਕੰਮ ਕਰਨਾ / ਚਾਪਲੂਸੀ |
| 109. | Frog in one's throat | ਗਲੇ ਦੀ ਹੱਡੀ ਬਣਨਾ |
| 110. | Frog march | ਕਿਸੇ ਨੂੰ ਬਾਵਾਂ ਤੋਂ ਫੜ ਕੇ ਅੱਗੇ ਕਰਨਾ |
| 111. | Gentle as lamb | ਨਿਮਰ ਹੋਣਾ |
| 112. | Get someone's goat | ਕਿਸੇ ਨੂੰ ਖਿਝਾਉਣਾ, ਚਿੜਾਉਣਾ ਜਾਂ ਤੰਗ ਕਰਨਾ |
| 113. | Give some one the bird | ਕਿਸੇ ਦੀ ਸਿੱਧੀ ਨਿੰਦਿਆ ਕਰਨੀ |
| 114. | Go ape | ਜੰਗਲੀ ਹੋਣਾ |
| 115. | Go like a bird | ਕਾਰ ਨੂੰ ਕਿਹਾ ਜਾਂਦਾ ਹੈ ਜਿਹੜੀ ਤੇਜ਼ ਭੱਜੇ |
| 116. | Go to the dogs | ਖਸਤਾ ਹਾਲਤ ਹੋਣਾ, ਭਾੜ ਵਿਚ ਜਾ |



Scanned by CamScanner

| | | |
|---|---|---|
| 117. | God gave the giraffe long neck so that he would not have to bend the palm leaf. | ਕੁਦਰਤ ਜੋ ਕਰਦੀ ਹੈ ਸਭ ਠੀਕ ਹੁੰਦਾ ਹੈ |
| 118. | Goose flesh | ਰੌਂਗਟੇ ਖੜ੍ਹੇ ਹੋਣਾ |
| 119. | Goose step | ਬੋਚ - 2 ਕੇ ਚੱਲਣਾ |
| 120. | Goose egg (zero) | ਕੁੱਝ ਨਹੀਂ, ਜ਼ੀਰੋ |
| 121. | Have a monkey on one's back | ਨਸ਼ੇੜੀ ਹੋਣਾ, ਨਸ਼ਿਆਂ ਦੀ ਆਦਤ ਹੋਣਾ |
| 122. | Have egg on one's face | ਮੂਰਖਤਾ ਵਾਲੀ ਗੱਲ ਕਰਨੀ, ਕਿਸੇ ਨੂੰ ਮੂਰਖ ਬਣਾਉਣਾ |
| 123. | Have other fish to fry | ਜਦੋਂ ਕੋਈ ਹੋਰ ਮਹੱਤਵਪੂਰਨ ਕੰਮ ਕਰਨ ਵਾਲਾ ਪਿਆ ਹੋਵੇ |
| 124. | Hay wire | ਬੇਤਰਤੀਬਾ |
| 125. | Hen party | ਇੱਕੋ ਢਰੇ ਤੇ ਚਲਣਾ |
| 126. | High horse | ਘੁਮੰਡੀ ਹੋਣਾ, ਆਪਣੇ ਆਪ ਨੂੰ ਬੋਸ ਜਾਂ ਸਭ ਤੋਂ ਉੱਤਮ ਸਮਝਣਾ |
| 127. | His bark is worst than his bite | ਉਸ ਦੀ ਡਾਂਟ ਮਾਰ ਨਾਲੋਂ ਭੈੜੀ ਹੈ |
| 128. | Hit the hay | ਬਿਸਤਰ ਤੇ ਜਾਣਾ |
| 129. | Hold a tiger by tail | ਨੱਥ ਪਾਉਣੀ / ਕਾਬੂ ਕਰਨਾ |
| 130. | Hold your horse | ਇਤਜ਼ਾਰ ਕਰੋ, ਆਪਣੇ ਜਾਨਵਰ / ਬੱਚੇ ਨੂੰ ਸੰਭਾਲੋ |
| 131. | Horse laugh | ਉੱਚੀ -2 ਹੱਸਣਾ, ਵਿਅੰਗ ਕਸਣਾ |
| 132. | Horse play | ਸ਼ੋਰ ਸ਼ਰਾਬਾ, ਉੱਦਮ ਮਚਾਣਾ |
| 133. | Horse sense | ਤੇਜ਼ਬੁੱਧੀ / ਤੇਜ਼ ਤਰਾਰ |
| 134. | Horse trading | ਔਖੀ ਸ਼ੁਰੂਆਤ, ਸੌਦੇਬਾਜ਼ੀ, ਸਿਆਸੀ ਖਰੀਦੋ-ਫਰੋਖਤ |
| 135. | Horses for course | ਕਿਸੇ ਆਦਮੀ ਲਈ ਬਣਿਆ ਖਾਸ ਕੰਮ |
| 136. | Horses of a different color | ਵੱਖਰਾ ਸੁਭਾਅ ਵਾਲਾ ਆਦਮੀ |
| 137. | Hunting is a not a sport, in a sport, both sides should know that they all are in the game | ਸ਼ਿਕਾਰ ਕੋਈ ਖੇਡ ਨਹੀਂ |



Scanned by CamScanner

| | | |
|---|---|---|
| 138. | If a ferret bites you, it is nearly always your own fault | ਆਪਣੀ ਗਲਤੀ ਨਾਲ ਨੁਕਸਾਨ ਹੋਣਾ |
| 139. | In the cart | ਮੁਸੀਬਤ ਵਿੱਚ ਹੋਣਾ |
| 140. | In the flesh | ਖੁਦ ਮੌਜੂਦ ਹੋਣਾ |
| 141. | In the frog house | ਵਾੜੇ ਵਿੱਚ |
| 142. | In the saddle | ਔਹਦੇ ਨੂੰ ਪਾਉਣਾ |
| 143. | It's a dog's life | ਮੁਸੀਬਤ ਭਰੀ ਜ਼ਿੰਦਗੀ |
| 144. | Its an ill bird that faults the nest | ਨੱਚਣਾ ਨੀ ਆਉਂਦਾ ਨੁਕਸ ਰਾਗ ਵਿੱਚ, ਉੱਠਿਆ ਆਪ ਤੋਂ ਨਾ ਜਾਵੇ ਫਿੱਟੇ ਮੂੰਹ ਗੋਡਿਆਂ ਦਾ, ਨਾਚ ਨਾ ਜਾਣੇ ਆਂਗਣ ਟੇਢਾ |
| 145. | Kick like animal | ਛੜਾਂ ਮਾਰਨੀਆਂ |
| 146. | Kid one self | ਮੂਰਖ ਬਣਾਉਣਾ, ਮਜ਼ਾਕ ਕਰਨਾ |
| 147. | Kill the fatted calf | ਲੰਮੀ ਗੈਰਹਾਜ਼ਰੀ ਤੋ ਬਾਅਦ ਕਿਸੇ ਦੇ ਘਰ ਆਉਣ ਦੀ ਖੁਸ਼ੀ ਵਿੱਚ ਰੱਖਿਆ ਭੋਜ / ਪਾਰਟੀ ਦੇਣੀ |
| 148. | Lame duck | ਕਿਸੇ ਦੂਸਰੇ ਤੇ ਨਿਰਭਰ ਹੋਣਾ, ਝੂਠਾ ਪੈਣਾ |
| 149. | Lame duck session | ਕਾਰਜਕਾਲ ਦਾ ਅਖੀਰਲਾ ਸਮਾਂ |
| 150. | Leopard cannot change his spots | ਕੁਦਰਤ ਦੇ ਅਸੂਲ ਤੋਂ ਪਰੇ |
| 151. | Let sleeping dogs lie | ਗੱਡੇ ਮੁਰਦੇ ਨਾ ਪੁੱਟੋ, ਪੁਰਾਣੀਆਂ ਗੱਲਾਂ ਨਾ ਪੁੱਟੋ |
| 152. | Let the cat out of the bag | ਕਿਸੇ ਰਾਜ ਨੂੰ ਖੋਲਣਾ |
| 153. | Licking a dish like dog | ਬਹੁਤ ਭੁੱਖਾ ਹੋਣਾ |
| 154. | Like a bear with a sore head | ਗੁੱਸੇ ਖੋਰ, ਛੇਤੀ ਗੁੱਸੇ ਹੋਣ ਵਾਲਾ |
| 155. | Like a dogs dinner | ਵਧੀਆ ਪਹਿਰਾਵਾ ਪਹਿਨਣਾ |
| 156. | Like a lamb to the slaughter | ਮਸੂਮ ਤੇ ਵਿਰੋਧ ਰਹਿਤ |
| 157. | Like rats abandoning a sinking ship | ਮੌਕੇ ਤੇ ਧੋਖਾ ਦੇਣਾ |
| 158. | Like water off a duck's back | ਬਿਨਾ ਕਿਸੇ ਨੁਕਸਾਨ ਤੋਂ |
| 159. | Lion hearted | ਸ਼ੇਰ ਦਿਲ |
| 160. | Lion's share | ਇੱਕ ਵੱਡਾ ਹਿੱਸਾ |
| 161. | Loaves & fishes | ਚੋਖਾ ਨਫਾ |



Scanned by CamScanner

| | | |
|---|---|---|
| 162. | Lose a fly to catch a flout | ਕੁੱਝ ਹਾਸਿਲ ਕਰਨ ਲਈ ਕੁੱਝ ਖੋਹਣਾ ਪੈਂਦਾ ਹੈ |
| 163. | Make a monkey out of someone | ਕਿਸੇ ਨੂੰ ਮੂਰਖ ਬਣਾਉਣਾ |
| 164. | Make a pig of one self | ਭੁੱਖਿਆ ਵਾਂਗ ਖਾਣਾ |
| 165. | Make hay while the sun shine | ਵਗਦੀ ਗੰਗਾਂ ਵਿੱਚ ਹੱਥ ਧੋਣਾ, ਸਮੇਂ ਦਾ ਸਦਉਪਯੋਗ ਕਰੋ |
| 166. | Man has slaved the animal creation for his own benefits | ਇਨਸਾਨ ਨੇ ਪਸ਼ੂਆਂ ਨਾਲ ਹਮੇਸ਼ਾ ਧੋਖਾ ਕੀਤਾ |
| 167. | Milk & honey | ਬਹੁਤ ਅਰਾਮਦਾਇਕ, ਸਹੂਲਤਾਂ |
| 168. | Money makes the mare go | ਦਾਮ ਬਣਾਏ ਕਾਮ |
| 169. | Mutton dressed as lamb | ਬੁੱਢੀ ਘੋੜੀ ਲਾਲ ਲਗਾਮ |
| 170. | Neither Korean nor the Arabian customs permit killing cows | ਗਾਂ ਨੂੰ ਸਭ ਧਰਮ ਪਵਿੱਤਰ ਮੰਨਦੇ ਹਨ |
| 171. | No one in the world needs a mink coat but a mink | ਸਾਰੇ ਫਲ ਚਾਹੁੰਦੇ ਹਨ ਰੁੱਖ ਕੋਈ ਨਹੀਂ ਲਾਉਣਾ ਚਾਹੁੰਦਾ |
| 172. | Not a dog's chance | ਥੋੜ੍ਹੀ ਜੀ ਵੀ ਆਸ ਨਹੀਂ |
| 173. | Not have a cat in hell's chance | ਕੋਈ ਮੌਕਾ ਨਾ ਮਿਲਣਾ |
| 174. | On the hoof | ਜਿਉਂਦਾ ਹੋਣਾ |
| 175. | On the horn of a dilemma | ਦੋਚਿੱਤੀ ਵਿੱਚ ਹੋਣਾ |
| 176. | On the pig's back /piggy ride | ਘਨੇੜੀ ਚੁਕਣਾਂ/ ਕੰਧੇੜੀ ਚੁੱਕਣਾ |
| 177. | Once bitten by a snake he is scared all his life at the mere sight of a rope. | ਦੁੱਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰਕੇ ਪੀਂਦਾ ਹੈ, ਸੱਪ ਤੋਂ ਡਰਿਆ ਲੀਕਾਂ ਨੂੰ ਕੁੱਟਦਾ ਹੈ |
| 178. | One cow in its life time can feed 4,10,44,100 people while its meat is sufficient only for 80 people. | ਗਾਂ ਆਪਣੇ ਜੀਵਨ ਵਿਚ ਬਹੁਤ ਲੋਕਾਂ ਨੂੰ ਪਾਲਦੀ ਹੈ ਪਰ ਇਸ ਨੂੰ ਮਾਰ ਕੇ ਬਹੁਤ ਘੱਟ ਲੋਕ ਰੱਜਣਗੇ। |
| 179. | One's flesh & blood | ਪਰਿਵਾਰ ਦਾ ਹਿੱਸਾ |
| 180. | Ox-eyed | ਪਾਰਖੂ ਅੱਖ, ਮੋਟੀ ਤੇ ਵੱਡੀ ਅੱਖ |
| 181. | Parrot fashion | ਵਾਰ-ਵਾਰ ਦੁਹਰਾਉਣਾ |



Scanned by CamScanner

| | | |
|---|---|---|
| 182. | People more violently opposed to fur than leather because its safer to harass rich women than motorcycle gangs. | ਗਰੀਬ ਨੂੰ ਹਰ ਕੋਈ ਦਬਾਉਂਦਾ ਹੈ |
| 183. | Pick the short straw | ਕਿਸੇ ਨੂੰ ਔਖੇ ਕੰਮ ਤੇ ਲਾਉਣਾ |
| 184. | Pigs might fly | ਅਣਹੋਣੀ ਹੋਣੀ |
| 185. | Plain as the hump in the camel | ਜਲੇਬੀ ਵਰਗਾ ਸਿੱਧਾ |
| 186. | Put a bug in my ear | ਕੰਨ ਵਿੱਚ ਕਹੋ |
| 187. | Put hand in lion's den | ਭੂੰਡਾਂ ਦੀ ਖੱਖਰ 'ਚ ਹੱਥ ਪਾਉਣਾ, ਆ ਬੈਲ ਮੁਝੇ ਮਾਰ |
| 188. | Put one's head in the lion's mouth | ਉੱਖਲੀ ਵਿੱਚ ਸਿਰ ਦੇਣਾ |
| 189. | Quick as a rabbit | ਤੇਜ਼ ਰਫਤਾਰ |
| 190. | Raining by cats and dogs | ਭਾਰੀ ਵਰਖਾ, ਭਾਰੀ ਮੀਂਹ |
| 191. | Rat on some one | ਵਿਸ਼ਵਾਸ ਤੋੜਣਾ |
| 192. | Rat race | ਬੇਕੁਦਰਤੀ ਤਰੱਕੀ/ਪੈਸੇ ਦੀ ਦੌੜ, ਅੰਨ੍ਹੀ ਦੌੜ |
| 193. | Rotten straw can harm a healthy horse | ਇਕ ਮੱਛਲੀ ਸਾਰੇ ਤਲਾਬ ਨੂੰ ਗੰਦਾਂ ਕਰ ਦਿੰਦੀ ਹੈ, |
| 194. | Scare crow | ਡਰਨਾਂ (ਖੇਤਾਂ ਵਿੱਚ ਡਰਨਾਂ ਗੱਡਣਾ) |
| 195. | Separate the sheep from goats | ਵੱਖ-ਵੱਖ ਕਰਨਾ |
| 196. | Set the cat among pigeons | ਦੂਜਿਆਂ ਨੂੰ ਪ੍ਰੇਸ਼ਾਨ ਕਰਨ ਲਈ ਕੁਝ ਕਰਨਾ |
| 197. | Sheep race. | ਭੇਡ ਚਾਲ |
| 198. | Sheepish culture | ਭੇਡ ਚਾਲ, ਮੂਰਖਤਾ ਭਰਿਆ ਵਰਤਾਵਾ |
| 199. | Sick as a dog | ਬਹੁਤ ਬੀਮਾਰ |
| 200. | Sleep with a dog and you will get-the fleas | ਕੋਲੇ ਦੀ ਦਲਾਲੀ ਵਿਚ ਮੂੰਹ ਕਾਲਾ |
| 201. | Sleeping with the fishes | ਬਹੁਤ ਮੁਸ਼ਕਿਲ ਕੰਮ |
| 202. | Smell a rat | ਸਾਜ਼ਿਸ਼ ਦਾ ਪਤਾ ਲੱਗਣਾ |
| 203. | Snail's pace | ਬਹੁਤ ਸੁਸਤ |
| 204. | Snake in the Grass | ਛੁਪਿਆ ਦੁਸ਼ਮਣ |
| 205. | Sneaky as a fox in hen house | ਗੁਪਤ ਕੰਮ ਕਰਣ ਦੀ ਸ਼ਕਤੀ |



Scanned by CamScanner

| | | |
|---|---|---|
| 206. | Something fishy | ਖਿਚੜੀ ਪਕਾਉਣੀ, ਅਸਿੱਧੇ ਤਰੀਕੇ ਰਾਹੀਂ ਜਾਣਕਾਰੀ ਲੈਣੀ |
| 207. | Stone the crows | ਅਚੰਬੇ ਵਾਲੀ ਗੱਲ, ਔਖਾ ਕੰਮ |
| 208. | Straight from the horse's mouth | ਕਿਸੇ ਭਰੋਸੇਯੋਗ ਸੋਮੇ ਤੋਂ ਮਿਲੀ ਜਾਣਕਾਰੀ |
| 209. | Strain at giants & swallow camel | ਹਾਥੀ ਨਿਕਲ ਗਿਆ ਪੂਛ ਰਹਿ ਗਈ |
| 210. | Swan song | ਅਖਰੀਲਾ ਕੰਮ |
| 211. | The bee's knees | ਬਹੁਤ ਹੀ ਖਾਸ ਆਦਮੀ ਜਾਂ ਵਸਤੂ |
| 212. | Tame the lion | ਕਾਬੂ ਕਰਨਾ |
| 213. | The birds and the bees | ਸੰਭੋਗ ਪ੍ਰਕਿਰਿਆ |
| 214. | The cat's whiskers | ਸਭ ਤੋਂ ਵਧੀਆ ਚੀਜ਼ |
| 215. | The last straw | ਅਖੀਰਲਾ ਸਹਾਰਾ |
| 216. | The pecking order | ਤਰਤੀਬਵਾਰ |
| 217. | Till the cow come home | ਲੰਮੇ ਸਮੇਂ ਲਈ |
| 218. | To be dog cheap | ਬਹੁਤ ਸਸਤਾ |
| 219. | To cast pearls before a swine | ਮੱਝ ਅੱਗੇ ਬੀਨ ਵਜਾਉਣਾ |
| 220. | To cry over spelt milk | ਹੁਣ ਪਛਤਾਵੇ ਕੀ ਹੋਵੇ ਜਦੋ ਚਿੱੜੀਆਂ ਚੁਗ ਗੀ ਖੇਤ |
| 221. | To die in harness | ਕੰਮ ਕਰਦੇ ਮਰਨਾ |
| 222. | To die like a dog | ਕੁੱਤੇ ਦੀ ਮੌਤ ਮਰਨਾ |
| 223. | To drop a flea in one's ear | ਕੰਨ ਚ ਗਲ ਕਹਿਣੀ |
| 224. | To flog a dead horse | ਐਵੇਂ ਮੱਥਾ ਮਾਰਨਾ, ਬੇਫਜ਼ੂਲ ਕੋਸ਼ਿਸ਼ |
| 225. | To kill two birds with one stone | ਇੱਕ ਪੰਥ ਦੋ ਕਾਜ਼ |
| 226. | To put the cart before the horse | ਉਲਟਾ ਕੰਮ, ਉਲਟੀ ਗੰਗਾ ਵਹਿਣੀ |
| 227. | To take under one's wing | ਲੋੜ ਵੇਲੇ ਸਹਾਇਤਾ ਕਰਨੀ, ਜ਼ਿੰਮੇਵਾਰੀ ਲੈਣੀ |
| 228. | Turn tail | ਪਿੱਛਾ ਛੁੱਡਾ ਕੇ ਭੱਜਣਾ |
| 229. | Turtle turn | ਉਲਟਣਾ, ਉਲਟ ਜਾਣਾ |
| 230. | Two asses can never become a horse. | ਦੋ ਮੂਰਖ ਮਿਲਕੇ ਇੱਕ ਸਿਆਣਾ ਨਹੀਂ ਬਣ ਸਕਦੇ |
| 231. | Wait for the cat to jump | ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ, ਲੋਕਾਂ ਵੱਲ ਵੇਖ ਕੇ ਆਪਣਾ ਪ੍ਰੋਗਰਾਮ ਬਣਾਉਣਾ |



Scanned by CamScanner

| | | |
|---|---|---|
| 232. | When a man wants to murder a tiger he calls it sport when the tiger wants to murder him he call it ferocity | ਇਨਸਾਨ ਆਪਣੇ ਫਾਇਦੇ ਲਈ ਸਿਧਾਂਤ ਬਣਾਂਦਾ ਹੈ |
| 233. | When the cat's away, the mice will play | ਕਿਸੇ ਦਾ ਡਰ ਨਾ ਹੋਣਾ, ਬਾਪੂ ਸਾਡਾ ਘਰ ਨਹੀਂ ਸਾਨੂੰ ਕਿਸੇ ਦਾ ਡਰ ਨਹੀਂ |
| 234. | When the two elephant fight, it is the grass that suffers. | ਦੋ ਜਣਿਆਂ ਦੀ ਲੜਾਈ ਵਿੱਚ ਤੀਜੇ ਦਾ ਨੁਕਸਾਨ ਹੋਣਾ |
| 235. | When the Healthy dog fights with a mad dog, it is the ears of the healthy dog that are bitten off. | ਕਦੇ ਵੀ ਪਾਗਲ ਨਾਲ ਨਾ ਉਲਝੋ, ਨੁਕਸਾਨ ਤੁਹਾਡਾ ਹੀ ਹੋਵੇਗਾ । |
| 236. | White Elephant | ਖਰਚੀਲਾ ਕੰਮ, ਸਫੈਦ ਹਾਥੀ |
| 237. | Why buy a cow when you can get milk for free | ਮੁਫਤ ਦੁੱਧ ਮਿਲੇ ਤਾਂ ਗਾਂ ਨਾ ਖਰੀਦੋ |
| 238. | Why keep a dog and bark yourself | ਨੌਕਰ ਰੱਖ ਕੇ ਆਪ ਕੰਮ ਕਰਨਾ |
| 239. | Wild goose chase | ਮੂਰਖਤਾ ਭਰਿਆ ਕੰਮ |
| 240. | Willing Horse | ਚਾਹ ਕੇ ਕੰਮ ਕਰਨ ਵਾਲਾ |
| 241. | Wise as an owl | ਬਹੁਤ ਸਮਝਦਾਰ |
| 242. | With one's tail between one's legs | ਹਾਰ ਮੰਨਣੀ |
| 243. | Working like ants | ਅਪਣਾ ਕੰਮ ਮਗਨ ਹੋ ਕੇ ਕਰਨਾ |
| 244. | World is his oyster | ਖੂਹ ਦਾ ਡੱਡੂ |
| 245. | You can lead the horse to water but you cannot make it drink | ਰਸਤਾ ਵਖਾਉਣਾ ਪਰ ਚਲਣਾ ਰਾਹੀ ਦਾ ਕੰਮ, ਜਿਸ ਦੀ ਇੱਛਾ ਨਾ ਹੋਵੇ ਉਸ ਤੋਂ ਕੰਮ ਨਹੀਂ ਕਰਵਾ ਸਕਦੇ |



Scanned by CamScanner

# 9. ਪਸ਼ੂਆਂ ਨਾਲ ਕੁਝ ਵਹਿਮ ਭਰਮ

1. ਸੱਪ ਵਾਂਗ ਜੀਭ ਮਾਰਨ ਵਾਲਾ ਪਸ਼ੂ (ਸੱਪਲ) ਮਾੜਾ ਸਮਝਿਆ ਜਾਂਦਾ ਹੈ।
2. ਝੂਲਦਾ ਡੰਗਰ ਮਾੜਾ ਸਮਝਿਆ ਜਾਂਦਾ ਹੈ।
3. ਜੇ ਮੱਝ ਆਸ ਕਰਾਉਣ ਪਿਛੋਂ ਮੈਲਾ ਸੁੱਟੇ ਤਾਂ ਗੱਭ ਹੋਣ ਦੀ ਨਿਸ਼ਾਨੀ ਸਮਝੀ ਜਾਂਦੀ ਹੈ।
4. ਜੇ ਮੱਝ ਨੂੰ ਗੱਭਕਾਲ ਦੌਰਾਨ ਕਬਜੀ ਰਹੇ ਤਾਂ ਇਹ ਸਮਝਿਆ ਜਾਂਦਾ ਹੈ ਕਿ ਇਹ ਕੱਟਾ ਦੇਵੇਗੀ ਤੇ ਜੇ ਮੋਕ ਲੱਗੀ ਰਹੇ ਤਾਂ ਕੱਟੀ ਦੇਵੇਗੀ।
5. ਦੋ ਥਣੀ (ਦੁਲ ਮੱਝ) ਘਰ ਵਾਸਤੇ ਚੰਗੀ ਸਮਝੀ ਜਾਂਦੀ ਹੈ।
6. ਦੁੱਧ ਪੀ ਕੇ ਬਾਹਰ ਨਹੀਂ ਜਾਣਾ ਚਾਹੀਦਾ।
7. ਮੀਨੀ ਮੱਝ (ਜਿਹਦੇ ਦੋਵੇਂ ਸਿੰਗ ਥੱਲੇ ਨੂੰ ਹੋਣ) ਮਾੜੀ ਸਮਝੀ ਜਾਂਦੀ ਹੈ।
8. ਰਾਤ ਵੇਲੇ ਕੁੱਤੇ ਦਾ ਰੋਣ ਅਪਸ਼ਗਨ ਹੈ ਕਿਉਂ ਕਿ ਇਸ ਨੂੰ ਕਿਸੇ ਆਫ਼ਤ ਦੇ ਆਉਣ ਦਾ ਸੰਕੇਤ ਸਮਝਿਆ ਜਾਂਦਾ ਹੈ।
9. ਜੇ ਕਿਸੇ ਦੇ ਬੂਹੇ ਅੱਗੇ ਕੁੱਤਾ ਉੱਪਰ ਵੱਲ ਲੱਤਾਂ ਕਰਕੇ ਲੇਟਿਆ ਹੋਵੇ ਤਾਂ ਇਸ ਨੂੰ ਵੀ ਅਪਸ਼ਗਨ ਸਮਝਿਆ ਜਾਂਦਾ ਹੈ।
10. ਕੁਕੜ ਦਾ ਦਿਨੇ ਬਾਂਗ ਦੇਣਾ ਅਪਸ਼ਗਨ ਸਮਝਿਆ ਜਾਂਦਾ ਹੈ।
11. ਉੱਲੂ ਦਾ ਦਿਨੇ ਦਿਖਾਈ ਦੇਣਾ ਅਪਸ਼ਗਨ ਸਮਝਿਆ ਜਾਂਦਾ ਹੈ।
12. ਸੁਪਣੇ ਵਿੱਚ ਝੋਟਾ ਦਿਖੇ ਤਾਂ ਇਹ ਮੌਤ ਦਾ ਸੰਕੇਤ ਸਮਝਿਆ ਜਾਂਦਾ ਹੈ।
13. ਜੇ ਕਿਸੇ ਕੰਮ ਤੇ ਚਲਦਿਆਂ ਰਾਹ ਵਿੱਚ ਸੱਪ ਮਿਲੇ ਤਾਂ ਸਮਝਿਆ ਜਾਂਦਾ ਹੈ ਕਿ ਕੰਮ ਵਿੱਚ ਵਿਘਨ ਪਵੇਗਾ ਤੇ ਜੇ ਸੱਪ ਮਾਰ ਦਿੱਤਾ ਜਾਵੇ ਤਾਂ ਵਿਘਨ ਛੇਤੀ ਹੱਲ ਹੋ ਜਾਵੇਗਾ।
14. ਬਿੱਲੀ ਰਾਹ ਕੱਟ ਜਾਵੇ ਤਾਂ ਅਪਸ਼ਗਨ ਸਮਝਿਆ ਜਾਂਦਾ ਹੈ।

---

ਨੋਟ : ਇਹ ਵਹਿਮ ਭਰਮ ਕੁਝ ਕੰਮ ਚੋਰ/ਚਲਾਕ ਲੋਕਾਂ ਵਲੋਂ ਆਪਣਾ ਉੱਲੂ ਸਿੱਧਾ ਕਰਨ ਲਈ ਘੜੇ ਗਏ ਹਨ ਇਹਨਾਂ ਵਿੱਚ ਕੋਈ ਵਿਗਿਆਨਕ ਤਰਕ ਨਹੀਂ ਹੈ।



Scanned by CamScanner

ਪਸ਼ੂ ਪਾਲਣ ਧੰਦੇ ਨੂੰ ਨਵੀਆਂ ਸੇਧਾਂ ਦਿਓ

# ''ਵਿਗਿਆਨਕ ਪਸ਼ੂ ਪਾਲਣ''

ਦੇ ਮੈਂਬਰ ਬਣੋ।







ਪਸ਼ੂ ਭਲਾਈ ਕੈਂਪ / ਦਿਵਸ ਲਗਵਾਉਣ ਜਾਂ ਟ੍ਰੇਨਿੰਗ ਬਾਰੇ ਜਾਣਕਾਰੀ ਲਈ

**ਮੁਖੀ, ਪਸ਼ ਪਾਲਣ ਅਤੇ ਚਿਕਿਤਸਾ ਪਸਾਰ ਵਿਭਾਗ ਨੂੰ ਮਿਲੋ।**

**ਫੋਨ : 0161-2414005, 2402837**

Scanned by CamScanner